# ਤੇਰੀ ਇਬਾਦਤ

(ਗ਼ਜ਼ਲਾਂ)

**ਲੇਖਕ ਦੀਆਂ ਹੋਰ ਪੁਸਤਕਾਂ :**

- ☐ ਰਿਸ਼ਤਿਆਂ ਦਾ ਜੰਗਲ (ਕਾਵਿ/ਗ਼ਜ਼ਲ ਸੰਗ੍ਰਹਿ) 1989
- ☐ ਸੱਚ ਤੇ ਸੂਲੀ (ਕਾਵਿ ਸੰਗ੍ਰਹਿ) 1993
- ☐ ਸਿਮਟੇ ਹੋਏ ਪਲ (ਕਾਵਿ ਸੰਗ੍ਰਹਿ) 1998
- ☐ ਕਤਰਾ ਕਤਰਾ ਨੂਰ (ਗ਼ਜ਼ਲ ਸੰਗ੍ਰਹਿ) 2002
- ☐ ਫੁੱਲ ਬਣੇ ਅੰਗਿਆਰ (ਕਾਵਿ ਸੰਗ੍ਰਹਿ) 2006
- ☐ ਨਿਰੰਜਨ ਸਿੰਘ ਨੂਰ ਸਿਮਰਤੀ ਗ੍ਰੰਥ (ਸੰਪਾਦਨਾ) 2009
- ☐ ਉਸ ਨੇ ਕਿਹਾ (ਸੰਵਾਦੀ ਲੰਮੀ ਕਵਿਤਾ) 2010
- ☐ ਚਾਨਣ ਦੀ ਬਾਤ (ਗ਼ਜ਼ਲ ਸੰਗ੍ਰਹਿ) 2013
- ☐ ਮਸ਼ਾਲ (ਗ਼ਜ਼ਲ ਸੰਗ੍ਰਹਿ) 2015
- ☐ ਵਗਦੀ ਰਹੇ ਝਨਾਂ (ਗ਼ਜ਼ਲ ਸੰਗ੍ਰਹਿ) 2017
- ☐ ਵਗਦੀ ਰਹੇ ਝਨਾਂ (ਸ਼ਾਹ ਮੁਖੀ ਵਿੱਚ ਅਨੁਵਾਦ) 2018
- ☐ ਕਹਿਕਸ਼ਾਂ (ਉਰਦੂ ਸ਼ਿਅਰ) (ਸੰਪਾਦਨਾ) 2020
- ☐ ਦਰਦ ਜਾਗਦਾ ਹੈ (ਪੰਜਾਬੀ ਕਵਿਤਾ) 2020
- ☐ In the Land of Promise
  *(English Translations of Selected Poem) 2021*

# ਤੇਰੀ ਇਬਾਦਤ

(ਗ਼ਜ਼ਲਾਂ)

ਭੁਪਿੰਦਰ ਸਿੰਘ ਸੱਗੂ

ਪ੍ਰੀਤ ਪਬਲੀਕੇਸ਼ਨ, ਨਾਭਾ

# Teri Ibaadat

*(Ghazals)*

BY

**BHUPINDER SAGOO**

*61 Fowler St.*
*Blaken Hall*
*Wolverhampton*
*WV2 3JD*
*UK*
*Mob. : +44 07501038048*
*+44 07951470034*
*E-mail.: bssagoo1@googlemail.com*
*youtube: Bhupinder Sagoo Ji*

ISBN 978-93-91471-45-3

© Author

Edition-First

2022

Price Rs. 200/-

**Published by :**

**Preet Publication**

Thuhi Road, 40 No. Phatak, Nabha-147201
Mob. 98141-01312, 98551-00712
Email : preetpublication16@gmail.com

Printed & Bound at:
Daffodils Printers, Patiala

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਿਤ

ਦੀਪਕ ਜੈਤੋਈ ਗ਼ਜ਼ਲ ਮਦਰੱਸਾ ਦੇ
ਸਿਰਮੌਰ ਉਸਤਾਦ ਸ਼ਾਇਰਾਂ
ਦੇ ਨਾਮ

ਹੈ ਖੜ੍ਹਾ ਬਾਰੂਦ ਉੱਤੇ, ਆਖਦੈ ਮਰਨਾ ਨਹੀਂ,
ਆਦਮੀ ਦੀ ਸੋਚ ਉੱਤੇ ਬੁਲਬੁਲਾ ਹੈਰਾਨ ਹੈ।

ਹੋ ਗਈ ਜਲਥਲ, ਵਰ੍ਹੇ ਬੱਦਲ ਬੜੇ ਰੂਹ ਨਾਲ ਅਜ,
ਫੇਰ ਵੀ ਧਰਤੀ ਪਿਆਸੀ ਹੈ, ਘਟਾ ਹੈਰਾਨ ਹੈ।

ਪੈਰ ਧਰਦੇ ਹਾਂ ਅਗਾਹਾਂ, ਫ਼ਾਸਲਾ ਮੁਕਦਾ ਨਹੀਂ,
ਕਿਉਂ ਨਹੀਂ ਮੰਜ਼ਿਲ ’ਤੇ ਪਹੁੰਚੇ ਕਾਫ਼ਿਲਾ ਹੈਰਾਨ ਹੈ।

# ਭੂਪਿੰਦਰ ਸਿੰਘ ਸੱਗੂ

## .ਗ਼ਜ਼ਲ ਜਿਸ ਦੀ ਇਬਾਦਤ ਹੈ

## ਗੁਰਦਿਆਲ ਰੌਸ਼ਨ

ਭੂਪਿੰਦਰ ਸਿੰਘ ਸੱਗੂ ਮੇਰੇ ਵਧੀਆ ਤੇ ਅਦਬ ਵਿਚ ਬਹੁਤ ਹੀ ਸਰਗਰਮ ਅਜ਼ੀਜ਼ਾਂ ਵਿੱਚੋਂ ਇਕ ਹੈ। ਉਸ ਦਾ ਮੇਰੇ ਨਾਲ ਮਿਲਾਪ ਵੱਡੇ ਵੀਰ ਵਿਦਵਾਨ ਸ. ਬਲਵੰਤ ਸਿੰਘ ਬੈਂਸ ਰਾਹੀਂ ਹੋਇਆ ਸੀ। ਭੂਪਿੰਦਰ ਸੱਗੂ ਨੇ ਜ਼ਿਆਦਾਤਰ ਗ਼ਜ਼ਲ ਕਹੀ ਹੈ 'ਤੇਰੀ ਇਬਾਦਤ' ਗ਼ਜ਼ਲ ਸੰਗ੍ਰਹਿ ਨਾਲ ਉਹ ਇਕ ਦਰਜਨ ਪੁਸਤਕਾਂ ਦਾ ਰਚੇਤਾ ਬਣਨ ਵਾਲਾ ਹੈ। ਇੰਗਲੈਂਡ ਦੀ ਰੁਝੇਵੇਂ ਭਰੀ ਜ਼ਿੰਦਗੀ ਵਿਚ ਇਹ ਕਾਰਨਾਮਾ ਛੋਟਾ ਨਹੀਂ ਹੈ। ਸੱਗੂ ਜਿਹੜਾ ਕਿੱਤਾ ਕਰਦਾ ਹੈ ਸ਼ਾਇਰੀ ਉਸ ਦੇ ਉੱਕਾ ਹੀ ਅਨੁਕੂਲ ਨਹੀਂ, ਉਹ ਆਪਣੇ ਕੰਮ ਤੋਂ ਜ਼ਰਾ ਜਿੰਨਾ ਧਿਆਨ ਪਾਸੇ ਨਹੀਂ ਕਰ ਸਕਦਾ। ਫਿਰ ਵੀ ਆਪਣੇ ਆਰਾਮ ਦੇ ਪਲਾਂ 'ਚੋਂ ਲਿਖਣ ਲਈ ਵਕਤ ਕੱਢਣਾ ਬਹੁਤ ਵੱਡਾ ਹੌਸਲਾ ਹੈ। 'ਤੇਰੀ ਇਬਾਦਤ' ਦੀਆਂ ਤਮਾਮ ਗ਼ਜ਼ਲਾਂ ਮੇਰੀ ਨਜ਼ਰ 'ਚੋਂ ਗੁਜ਼ਰੀਆਂ ਹਨ ਤੇ ਹੁਣ ਪੁਸਤਕ ਦੇ ਛਪਣ ਵੇਲੇ ਮੈਂ ਇਨ੍ਹਾਂ ਨੂੰ ਦੋਬਾਰਾ ਪੜ੍ਹਿਆ ਹੈ। ਸੱਗੂ ਦੀਆਂ ਗ਼ਜ਼ਲਾਂ ਦਾ ਰੌਸ਼ਨ ਪੱਖ ਇਹ ਵੀ ਹੈ ਕਿ ਉਹ ਗ਼ਰੀਬਾਂ, ਲੁੱਟੇ ਪੁੱਟੇ ਲੋਕਾਂ ਤੇ ਲਿਤਾੜਿਆਂ ਨਾਲ ਖੜ੍ਹਾ ਹੈ ਤੇ ਨਿਰਾਸ਼ ਨਾ ਹੋ ਕੇ ਉਹ ਉਨ੍ਹਾਂ ਨੂੰ ਕੁਝ ਕਰ ਗੁਜ਼ਰਨ ਲਈ ਉਤਸ਼ਾਹਿਤ ਕਰਦਾ ਹੈ। ਮੁਹੱਬਤੀ ਸ਼ਾਇਰੀ ਹਮੇਸ਼ਾਂ ਤਾਜ਼ਾ ਰਹਿੰਦੀ ਹੈ ਪਰ ਲੋਕ ਹਿਤਾਂ ਵਾਲੀਆਂ ਲਿਖਤਾਂ ਸ਼ਾਇਰ ਦੇ ਫ਼ਰਜ਼ਾਂ ਵਿਚ ਆਉਂਦੀਆਂ ਹਨ। ਜੇ ਅਦਬ ਸਮਾਜ ਉਪਯੋਗੀ ਨਹੀਂ ਹੈ ਤਾਂ ਉਹ ਮਹੱਤਵਹੀਣ ਹੈ। ਨਿੱਜ ਦੇ ਨਾਲ ਪਰਾਏ ਦੁੱਖ ਦਰਦ ਨੂੰ ਜ਼ੁਬਾਨ ਦੇਣੀ ਵਕਤ ਦੀ ਜ਼ਰੂਰਤ ਹੈ। ਇਸ ਦ੍ਰਿਸ਼ਟੀ ਤੋਂ ਭੂਪਿੰਦਰ ਸੱਗੂ ਦੀ ਸ਼ਾਇਰੀ ਮੈਨੂੰ ਪ੍ਰਭਾਵਤ ਕਰਦੀ ਹੈ। ਉਸ ਦੇ ਵੱਡੇ ਵੱਡੇ ਅਦੀਬਾਂ ਨਾਲ ਸਬੰਧ ਰਹੇ ਹਨ ਤੇ ਇਸ ਦਾ ਅਸਰ ਨਿਸ਼ਚੇ ਹੀ ਉਸ ਦੀ ਲਿਖਣ ਸ਼ੈਲੀ 'ਤੇ ਹੈ। ਸੱਗੂ ਇੰਗਲੈਂਡ ਦੇ ਨਾਮਵਰ ਗ਼ਜ਼ਲਕਾਰਾਂ ਵਿਚ ਸ਼ੁਮਾਰ ਰੱਖਦਾ ਹੈ ਤੇ ਅਦਬੀ ਸਰਗਰਮੀਆਂ ਵਿਚ ਹਮੇਸ਼ਾਂ ਅੱਗੇ ਰਿਹਾ ਹੈ। ਮੇਰੀ ਆਪਣੀ ਇੰਗਲੈਂਡ ਫੇਰੀ ਦਾ ਵੀ ਉਹ ਮੁੱਖ ਕਾਰਕ ਸੀ ਤੇ ਉਸ ਨੇ ਮੇਰੇ ਕਰਕੇ ਆਪਣੀਆਂ ਛੁੱਟੀਆਂ ਰਾਖਵੀਆਂ ਰੱਖੀਆਂ ਹੋਈਆਂ ਸਨ। ਸੱਗੂ ਦੀ ਪੁਸਤਕ 'ਤੇਰੀ ਇਬਾਦਤ' ਦੀ ਪ੍ਰਕਾਸ਼ਨਾ 'ਤੇ ਮੈਂ ਉਸ ਨੂੰ ਦਿਲੋਂ ਵਧਾਈ ਦਿੰਦਾ ਹਾਂ ਤੇ ਆਸ ਕਰਦਾ ਹਾਂ ਕਿ ਭਵਿੱਖ ਵਿਚ ਉਹ ਹੋਰ ਵੀ ਬਿਹਤਰ ਤੇ ਨਿਰੰਤਰ ਲਿਖਦਾ ਰਹੇਗਾ। ਸੱਗੂ ਦੀਆਂ ਇਹ ਗ਼ਜ਼ਲਾਂ ਕਾਫ਼ੀ ਮਿਆਰੀ ਹਨ ਅਤੇ ਆਪਣੇ ਪੱਧਰ ਨੂੰ ਕਾਇਮ ਰੱਖਣ ਲਈ ਤੇ ਉਸ ਤੋਂ ਹੋਰ ਅਗੇਰੇ ਜਾਣ ਲਈ ਉਸ ਨੂੰ ਘਾਲਣਾ ਘਾਲਦੇ ਰਹਿਣਾ ਪਵੇਗਾ। ਸਾਹਿਤ ਸਿਰਜਣਾ ਏਨਾ ਸਰਲ ਕਾਰਜ ਨਹੀਂ ਹੈ ਪਰ ਹਿੰਮਤ ਅੱਗੇ ਕੁਝ ਵੀ ਨਾਮੁਮਕਿਨ ਨਹੀਂ ਹੈ।

17.12.2021 ਲੁਧਿਆਣਾ

# .ਗ਼ਜ਼ਲ ਤੇ .ਗ਼ਜ਼ਲਕਾਰ
## ਭੂਪਿੰਦਰ ਸਿੰਘ ਸੱਗੂ

ਇਨਸਾਨ ਦਾ ਅਤੇ ਉਸ ਦੇ ਸਾਏ ਦਾ ਜਿਸ ਤਰ੍ਹਾਂ ਆਪਸੀ ਪਾਕੀਜ਼ਾ (ਪਵਿੱਤਰ) ਬਹੁਤ ਹੀ ਗਹਿਰਾ ਅਤੇ ਪਕੇਰਾ ਸਬੰਧ ਜਾਂ ਰਿਸ਼ਤਾ ਹੁੰਦਾ ਹੈ, ਉਸੇ ਤਰ੍ਹਾਂ ਹੀ ਜਿਸਮ ਅਤੇ ਉਸ ਦੇ ਸਾਏ ਦਾ ਪੀਡਾ ਸਬੰਧ ਹੁੰਦਾ ਹੈ। ਜਿੱਥੇ ਜਿਸਮ ਹੈ ਉੱਥੇ ਹੀ ਸਾਇਆ ਮੌਜੂਦ ਹੁੰਦਾ ਹੈ। ਇਸ ਤਰ੍ਹਾਂ ਹੀ ਪ੍ਰੇਮੀ ਜਾਂ ਪਿਆਰ-ਮਹੁੱਬਤ ਦਾ ਇਕ ਦੂਸਰੇ ਦੇ ਪ੍ਰੇਮ-ਜਾਲ ਵਿਚ ਗ੍ਰਿ.ਫਤਾਰ ਹੋ ਜਾਣਾ ਸੁਭਾਵਿਕ ਅਤੇ ਲਾਜ਼ਮੀ ਹੈ। ਜੇਕਰ ਮਾਸ਼ੂਕ ਨਹੀਂ ਤਾਂ ਆਸ਼ਿਕ ਦੀ ਹੋਂਦ ਜਾਂ ਵਜੂਦ ਅਸੰਭਵ ਹੈ। ਬਿਲਕੁਲ ਇਸ ਤਰ੍ਹਾਂ ਹੀ .ਗ਼ਜ਼ਲ ਅਤੇ .ਗ਼ਜ਼ਲਕਾਰ ਦਾ ਸਬੰਧ ਜਾਂ ਰਿਸ਼ਤਾ ਗਹਿਰਾ, ਅਟੁੱਟ ਅਤੇ ਸਦਾਬਹਾਰ ਕਾਇਮ ਰਹਿੰਦਾ ਹੈ। ਇਹ ਦੋਨੋਂ ਹੀ ਇਕ ਦੂਸਰੇ ਦੀ ਮਜ਼ਬੂਤ ਅਤੇ ਠੋਸ ਪਕੜ 'ਚ ਰਹਿੰਦੇ ਹਨ।

ਜਿਸ ਭਾਸ਼ਾ ਦੇ ਦਾਮਨ ਵਿਚ ਅਥਾਹ ਸ਼ਬਦਾਵਲੀ ਦਾ ਖ਼ਜ਼ਾਨਾ ਜਾਂ ਭੰਡਾਰ ਹੁੰਦਾ ਹੈ, ਉਹ ਭਾਸ਼ਾ ਉਤਨੀ ਹੀ ਅਮੀਰ, ਪ੍ਰਫੁੱਲਤ, ਵਿਸ਼ਾਲ, ਸਿਹਤਮੰਦ, ਗਹਿਰੀ, ਕਦਰਾਂ-ਕੀਮਤਾਂ ਵਾਲੀ, ਸੁਰੀਲੀ ਅਤੇ ਰੌਚਕਤਾਮਈ ਬਣ ਕੇ ਦੂਜੀਆਂ ਭਾਸ਼ਾਵਾਂ ਦੇ ਮੁਕਾਬਲੇ ਵਿਚ ਉੱਚਾ ਮੁਕਾਮ ਜਾਂ ਸ਼ਰਫ਼ ਹਾਸਿਲ ਕਰਨ ਦੇ ਵਿਚ ਕਾਮਯਾਬ ਹੋ ਜਾਂਦੀ ਹੈ। ਅਰਬੀ ਭਾਸ਼ਾ ਦੇ ਵਿਚ ਕਸੀਦੇ ਦੇ ਚਾਰ ਭਾਗ ਹੁੰਦੇ ਹਨ। ਪਹਿਲੇ ਹਿੱਸੇ ਨੂੰ ਤਸ਼ਬੀਬ ਕਿਹਾ ਜਾਂਦਾ ਹੈ। ਇਸ ਹਿੱਸੇ ਵਿਚ ਨਾਇਕ ਜਾਂ ਨਾਇਕਾ ਦੀ ਬਹਾਦਰੀ, ਪ੍ਰਸ਼ੰਸਾ, ਯੋਗਤਾ, ਕਲਾ, ਸੁੰਦਰਤਾ ਜਾਂ ਪਿਆਰ ਦਾ ਵਰਣਨ ਬੜੇ ਹੀ ਕਲਾਤਮਿਕ ਢੰਗ ਦੇ ਨਾਲ ਕਲਾਕਾਰ ਜਾਂ ਕਲਮਕਾਰ ਕਰਦਾ ਹੈ। ਤਸ਼ਬੀਬ ਨੂੰ ਅਲੱਗ ਕਰਕੇ ਹੀ ਇਸ ਨੂੰ .ਗ਼ਜ਼ਲ ਦਾ ਨਾਮ ਜਾਂ ਰੁੱਤਬਾ ਦਿੱਤਾ ਜਾਂਦਾ ਹੈ। ਉਸ ਜ਼ਮਾਨੇ ਦੇ ਸ਼ਾਇਰਾਂ ਨੇ ਇਸਦੇ ਅੰਦਰ ਮੁਹੱਬਤ, ਹੁਸਨ, ਸ਼ਰਾਬ ਅਤੇ ਸ਼ਬਾਬ ਦਾ ਬਿਆਨ ਬਹੁਤ ਹੀ ਕਲਾਤਮਿਕ ਰੰਗ ਵਿਚ ਬਾਖ਼ੂਬੀ ਦੇ ਨਾਲ ਕਲਮਬੰਦ ਕੀਤਾ ਹੈ। ਸ਼ਾਇਰਾਂ ਨੇ ਇਸ ਸਿਨ.ਫ (ਕਲਾ) ਨੂੰ ਅੰਬਰ ਤੇ ਪਹੁੰਚਾ ਦਿੱਤਾ ਹੈ ਤਾਂ ਜੋ ਕਿ .ਗ਼ਜ਼ਲ ਚੰਦ, ਸੂਰਜ ਅਤੇ ਸਿਤਾਰਿਆਂ ਦੇ ਮੰਡਲ ਦੀ ਸੈਰ ਕਰਕੇ ਆਨੰਦ ਅਤੇ ਸਰੂਰ ਪ੍ਰਦਾਨ ਕਰ ਸਕੇ। ਉਨ੍ਹਾਂ ਬੁਲੰਦੀਆਂ ਦੀ ਛੋਹ ਦਾ ਰਹੱਸ ਹਾਸਿਲ ਕਰਕੇ ਪਾਠਕਾਂ ਦੇ ਵਾਸਤੇ ਵੀ ਉੱਚੇ ਤੇ ਸੁੱਚੇ ਨੁਕਤੇ ਜਾਂ ਵਿਚਾਰ ਪੇਸ਼ ਕਰ ਸਕੇ।

.ਗ਼ਜ਼ਲ ਅਰਬੀ ਭਾਸ਼ਾ 'ਚੋਂ ਸ.ਫਰ ਕਰਕੇ .ਫਾਰਸੀ ਭਾਸ਼ਾ ਵਾਲਿਆ ਦੇ ਹੱਥ ਆਈ ਤਾਂ ਉਨ੍ਹਾਂ ਨੇ ਇਸ ਕਲਾ ਵਿਚ ਕਾ.ਫੀ ਇਜ਼ਾਫਾ (ਵਾਧਾ) ਕੀਤਾ। .ਗ਼ਜ਼ਲ ਨੇ ਬਹੁਤ ਹੀ ਬੁਲੰਦੀਆਂ ਨੂੰ ਛੋਹਿਆ। .ਗ਼ਜ਼ਲ ਦੀ ਕਲਾ ਵਿਚ

ਹਾਫ਼ਿਜ਼ ਸ਼ੀਰਾਜ਼ੀ ਨੂੰ ਬਹੁਤ ਹੀ ਵੱਡਾ ਮੁਕਾਮ ਹਾਸਿਲ ਹੋਇਆ। ਉਸ ਨੂੰ ਗ਼ਜ਼ਲ ਦਾ ਇਮਾਮ, ਬਾਦਸ਼ਾਹ ਜਾਂ ਫਿਰ "ਗ਼ਜ਼ਲ ਦਾ ਖ਼ੁਦਾ-ਏ- ਸੁਖ਼ਨ" ਦੇ ਲਕਬ (ਪਦਵੀ) ਦੇ ਨਾਲ ਵੱਡਿਆਇਆ ਗਿਆ। ਉਰਦੂ ਭਾਸ਼ਾ ਦੀ ਗ਼ਜ਼ਲ ਵਿਚ ਬਹੁਤ ਹੀ ਮਹਾਨ ਸ਼ਾਇਰ ਹੋਏ ਹਨ। ਮਿਰਜ਼ਾ ਗ਼ਾਲਿਬ, ਸ਼ਾਦ ਅਜ਼ੀਮਾਬਾਦੀ, ਇਬਰਾਹੀਮ ਜ਼ੌਕ, ਦਾਗ਼ ਦੇਹਲਵੀ, ਅਤੇ ਜਿਗਰ ਮੁਰਾਦਾਬਾਦੀ ਪਰ ਜੋ ਸ਼ੋਹਰਤ ਮੀਰ ਤੱਕੀ ਮੀਰ ਨੂੰ ਗ਼ਜ਼ਲ ਦੀ ਕਲਾ ਵਿੱਚ ਪ੍ਰਾਪਤ ਹੋਈ ਉਹ ਹੋਰ ਕਿਸੇ ਵੀ ਸ਼ਾਇਰ ਨੂੰ ਨਸੀਬ ਨਹੀਂ ਹੋਈ। ਇਸ ਕਰਕੇ ਹੀ ਉਸਤਾਦ ਜ਼ੌਕ ਨੇ ਇਹ ਸ਼ਿਅਰ "ਮੀਰ ਤਕੀ ਮੀਰ" ਦੀ ਕਲਾ ਦੀ ਸਿਫ਼ਤ ਕਰਦਿਆਂ ਹੋਇਆਂ ਤਹਰੀਰ ਕੀਤਾ ਸੀ :-

ਹੂਯਾ ਪਰ ਨਾ ਹੂਯਾ ਅੰਦਾਜ਼ੇ ਮੀਰ ਨਸੀਬ,
ਜ਼ੌਕ ਯਾਰੋਂ ਨੇ ਬਹੁਤ ਜ਼ੋਰ ਗ਼ਜ਼ਲ ਮੇਂ ਮਾਰਾ।

ਮਿਰਜ਼ਾ ਗ਼ਾਲਿਬ ਸਾਹਿਬ ਨੇ ਵੀ ਮੀਰ ਸਾਹਿਬ ਨੂੰ ਗ਼ਜ਼ਲ ਦਾ ਮਹਾਂਰਥੀ ਜਾਂ ਮਹਾਨ ਉਸਤਾਦ ਤਸਲੀਮ ਕੀਤਾ ਹੈ।

ਰੇਖ਼ਤੇ ਕੇ ਤੁਮਹੀ ਨਹੀਂ ਹੋ ਉਸਤਾਦ , ਗ਼ਾਲਿਬ,
ਕਹਿਤੇ ਹੈਂ ਕਹ ਅਗਲੇ ਜ਼ਮਾਨੇ ਮੇਂ ਕੋਈ ਮੀਰ ਭੀ ਥਾ।

ਗ਼ਜ਼ਲ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਰਥ ਹੈ ਔਰਤਾਂ ਨਾਲ ਗੱਲਾਂ ਕਰਨਾ ਜਾਂ ਉਨ੍ਹਾਂ ਦੇ ਹੁਸਨ, ਰੂਪ, ਜੋਬਨ ਦੀ ਚਰਚਾ ਕਰਨਾ। ਔਰਤ ਦੇ ਅੰਤਰੀਵੀ ਦੁੱਖ ਵਿੱਚ ਸ਼ਰਕਤ ਜਾਂ ਸਾਂਝ ਪਾ ਕੇ ਉਸਦੀ ਵੇਦਨਾ ਨੂੰ ਜਾਂ ਅੰਦਰੂਨੀ ਦਰਦ ਨੂੰ ਕਾਵਿਕ ਰੂਪ ਦੇ ਕੇ ਬਿਆਨ ਕਰਨਾ ਹੀ ਗ਼ਜ਼ਲ ਹੈ। ਸ਼ਾਇਰ ਦੇ ਦੁੱਖ ਅਤੇ ਦਰਦ ਨਾਲ ਭਿੱਜੀ ਹੋਈ ਰੂਹ ਚੋਂ ਪੁਕਾਰ, ਚੀਖ਼ ਜਾਂ ਦੁੱਖ ਭਰੀ ਵੇਦਨਾ ਦਾ ਦਰਿਆ ਵਗਦਾ ਹੈ ਉਸਨੂੰ ਹੀ ਗ਼ਜ਼ਲ ਦਾ ਰੂਪ ਮੰਨਿਆ ਜਾਂਦਾ ਹੈ। ਜਦੋਂ ਹਿਰਨ ਆਪਣੀ ਮਸਤੀ ਵਿਚ ਆ ਕੇ ਜੰਗਲ ਦੇ ਰਮਣੀਕ ਇਲਾਕੇ ਵਿਚ ਟਪੂਸੀਆਂ ਜਾਂ ਚੂੰਗੀਆਂ ਭਰਦਾ ਜਾਂ ਮਾਰਦਾ ਜਾਂ ਮਸਤੀ ਵਿਚ ਨੱਚਦਾ ਫਿਰਦਾ ਹੈ ਉਹ ਕਾਦਰ ਦੀ ਬਣਾਈ ਹੋਈ ਕਾਇਨਾਤ ਤੋਂ ਕੁਰਬਾਨ ਹੋ ਕੇ ਖੀਵਾ ਹੋ ਜਾਂਦਾ ਹੈ। ਉਹ ਉਸ ਮਾਲਿਕ ਦਾ ਆਪਣੇ ਅਨੋਖੇ ਰੰਗ ਵਿਚ ਆ ਕੇ ਸ਼ੁਕਰਾਨਾ ਕਰਦਾ ਹੈ। ਆਪਣੀ ਮਸਤੀ, ਮਗਨਤਾ, ਲੀਨਤਾ ਵਿਚ ਦੀਵਾਨਾ ਹੋ ਜਾਂਦਾ ਹੈ। ਅਚਾਨਕ ਹੀ ਕੁਝ ਸ਼ਿਕਾਰੀ ਕੁੱਤੇ ਖ਼ੂੰਨਖ਼ਾਰ ਜਾਨਵਰ ਮਿਰਗ (ਹਿਰਨ) ਦਾ ਸ਼ਿਕਾਰ ਕਰਨ ਦੇ ਇਰਾਦੇ ਨਾਲ ਉਸ ਉੱਤੇ ਭਿਆਨਕ ਹਮਲਾ ਕਰ ਦਿੰਦੇ ਹਨ ਤਾਂ ਮਿਰਗ ਆਪਣੀ ਜਾਨ ਬਚਾਉਣ ਲਈ ਬੇਤਹਾਸ਼ਾ ਦੌੜਦਾ ਹੋਇਆ ਝਾੜੀਆਂ ਵਿਚ ਫਸ ਜਾਂਦਾ ਹੈ। ਉਹ ਬੇਬਸ ਤੇ ਬੇ-ਸਹਾਰਾ ਹੁੰਦਾ ਹੈ। ਉਸ ਨੂੰ ਆਪਣੀ ਮੌਤ ਦਾ ਦ੍ਰਿਸ਼ ਸਾਫ਼ ਨਜ਼ਰ ਆਉਂਦਾ ਹੈ ਤਾਂ ਉਸ ਦੇ ਗਲੇ

'ਚੋਂ ਇਕ ਬਹੁਤ ਦੀ ਦਰਦੀਲੀ, ਦਿਲ-ਕੰਬਾਊ ਬੇ-ਦਿਲੀ ਦੀ ਵੇਦਨਾ ਭਰੀ ਆਵਾਜ਼ ਨਿਕਲਦੀ ਹੈ। ਜਿਸ ਨੂੰ ਗ਼ਜ਼ਲ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਗ਼ਜ਼ਲ ਦੀ ਸ਼ਾਇਰੀ ਉਹ ਹੈ ਜਿਸ ਦੇ ਵਿਚ ਅਸੀਂ ਦੁੱਖਭਰੀ, ਦਰਦਭਰੀ, ਦੁਖਾਂਤਭਰੀ, ਵੇਦਨਾਮਈ, ਬੇਬਸੀ ਅਤੇ ਲਾਚਾਰੀ ਦੀ ਆਵਾਜ਼ ਸੁਣਦੇ ਹਾਂ ਉਸ ਨੂੰ ਹੀ ਗ਼ਜ਼ਲ ਦਾ ਰੂਪ ਆਖਿਆ ਜਾਂਦਾ ਹੈ।

ਗ਼ਜ਼ਲ ਦੇ ਪਹਿਲੇ ਸ਼ਿਅਰ ਨੂੰ 'ਮਤਲਾ' ਕਿਹਾ ਜਾਂਦਾ ਹੈ। ਮਤਲੇ ਲਈ ਲਾਜ਼ਮੀ ਹੈ ਕਿ ਇਸਦੇ ਦੋਵੇਂ ਮਿਸਰੇ ਹਮਕਾਫ਼ੀਆ ਹੋਣ। ਗ਼ਜ਼ਲ ਦਾ ਆਖ਼ਰੀ ਸ਼ਿਅਰ ਜਿਸ ਦੇ ਵਿੱਚ ਸ਼ਾਇਰ ਆਪਣਾ ਉਪਨਾਮ ਜਾਂ ਕਲਮੀ ਨਾਮ ਪ੍ਰਯੋਗ ਕਰਦਾ ਹੈ ਉਸ ਨੂੰ 'ਮਕਤਾ' ਕਿਹਾ ਜਾਂਦਾ ਹੈ। ਗ਼ਜ਼ਲ ਦੇ ਵਿਚ ਰਦੀਫ਼ ਅਤੇ ਕਾਫ਼ੀਏ ਦਾ ਖ਼ਾਸ ਖ਼ਿਆਲ ਰੱਖਣਾ ਚਾਹੀਦਾ ਹੈ। ਗ਼ਜ਼ਲ ਦੇ ਵਿਚ ਸੰਖੇਪਤਾ, ਵਿਅਕਤਿਕਤਾ, ਸੰਗੀਤਾਤਮਿਕਤਾ, ਕੋਮਲਤਾ, ਪ੍ਰਭਾਵਸ਼ੀਲਤਾ, ਭਾਵਤਮਿਕਤਾ, ਸਪਸ਼ਟਤਾ, ਅਰਥ-ਪੁਰਨਤਾ, ਤੁਕ-ਸੁਮੇਲ, ਠੇਠ-ਬੋਲੀ ਅਤੇ ਮੁਹਾਵਰਾਬੰਦੀ ਵੱਲ ਖ਼ਾਸ ਧਿਆਨ ਦੇਣ ਦੀ ਜ਼ਰੂਰਤ ਹੈ। ਰਿਸ਼ੀ ਬਾਲਮੀਕ ਜੀ ਕ੍ਰੌਂਚ ਪੰਛੀਆਂ ਦੇ ਜੋੜੇ ਨੂੰ ਆਪਸ ਵਿਚ ਕਲੋਲ ਕਰਦਿਆਂ ਵੇਖ ਕੇ ਆਨੰਦਿਤ ਹੋ ਰਹੇ ਸਨ। ਅਚਾਨਕ ਹੀ ਇਕ ਸ਼ਿਕਾਰੀ ਨੇ ਤੀਰ ਮਾਰ ਕੇ ਇਕ ਪੰਛੀ ਦੀ ਹੱਤਿਆ ਕਰ ਦਿੱਤੀ ਤਾਂ ਰਿਸ਼ੀ ਬਾਲਮੀਕ ਜੀ ਨੂੰ ਬਹੁਤ ਦੁੱਖ ਹੋਇਆ ਤਾਂ ਉਨ੍ਹਾਂ ਨੇ ਇਕ ਬੜੀ ਹੀ ਦਰਦਭਰੀ ਰਚਨਾ ਲਿਖੀ ਜਿਸਨੂੰ ਕਵਿਤਾ ਦਾ ਪਹਿਲਾ ਰੂਪ ਤਸਲੀਮ (ਕਬੂਲ ਜਾਂ ਪ੍ਰਵਾਨ) ਮੰਨਿਆ ਜਾਂਦਾ ਹੈ। ਇਸ ਵਿਚ ਦਰਦ, ਦੁੱਖ, ਪੀੜਾ, ਕਸਕ ਅਤੇ ਬਿਰਹੋਂ ਜਾਂ ਵਿਛੋੜੇ ਦੀ ਵੇਦਨਾ ਦੀ ਹੂਕ ਹੀ ਸੁਣਾਈ ਦਿੰਦੀ ਸੀ।

ਪੰਜਾਬੀ ਭਾਸ਼ਾ ਦੇ ਵਿਚ ਮੌਲਾ ਬਖ਼ਸ਼ ਕੁਸ਼ਤਾ ਦੇ ਸਿਰ ਸਿਹਰਾ ਹੈ ਕਿ ਉਨ੍ਹਾਂ ਨੇ ਸਭ ਤੋਂ ਪਹਿਲਾਂ ਪੰਜਾਬੀ ਗ਼ਜ਼ਲਾਂ ਦਾ ਦੀਵਾਨ 1903 ਵਿੱਚ ਪ੍ਰਕਾਸ਼ਿਤ ਕਰਵਾਇਆ ਸੀ। ਇਸ ਹਵਾਲੇ ਦੇ ਬਾਰੇ ਉਨ੍ਹਾਂ ਦਾ ਸ਼ਿਅਰ ਦਰਜ ਕਰ ਰਿਹਾ ਹਾਂ :-

"ਕੋਈ ਲਿਖੇ ਤਾਰੀਖ਼ ਤੇ ਯਾਦ ਰੱਖੇ,
ਬਖ਼ਸ਼ੀ ਰਬ ਨੇ ਇੱਜ਼ਤ ਖ਼ਾਸ ਮੈਨੂੰ,
ਸ਼ਿਅਰਾਂ ਵਿਚ ਪੰਜਾਬੀ ਦੇ ਸਭ ਕੋਲੋਂ,
ਪਹਿਲਾਂ ਪਹਿਲ ਛਪਿਆ ਇਹ ਦੀਵਾਨ ਮੇਰਾ।

ਉਸ ਦੀਵਾਨ ਤੋਂ ਤਕਰੀਬਨ 50 ਸਾਲਾਂ ਤਕ ਗ਼ਜ਼ਲਕਾਰ ਸੇਧ ਪ੍ਰਾਪਤ ਕਰਦੇ ਰਹੇ ਹਨ। ਪ੍ਰੋ. ਮੋਹਨ ਸਿੰਘ, ਸਾਧੂ ਸਿੰਘ 'ਹਮਦਰਦ', ਠਾਕੁਰ ਭਾਰਤੀ, ਮੁਜਰਿਮ ਦਸੂਹੀ, ਦੀਪਕ ਜੈਤੋਈ ਅਤੇ ਅਖ਼ੀਰ ਵਿਚ ਉਸਤਾਦ ਗੁਰਦਿਆਲ ਰੌਸ਼ਨ ਸਾਹਿਬ ਜੀ ਦੀ, ਗ਼ਜ਼ਲ ਦੇ ਮੈਦਾਨ ਵਿਚ ਬਹੁਤ ਵੱਡੀ ਦੇਣ ਹੈ। ਪਹਿਲਾਂ ਪਹਿਲ ਗ਼ਜ਼ਲ ਦੇ ਵਿਚ ਇਸ਼ਕ, ਪ੍ਰੇਮੀ, ਪ੍ਰੇਮਿਕਾ, ਹੁਸਨ,

ਬਿਰਹੋਂ ਅਤੇ ਮਿਲਾਪ ਦਾ ਹੀ ਜ਼ਿਆਦਾਤਰ ਵਰਣਨ ਹੁੰਦਾ ਸੀ ਪਰ ਮਗਰੋਂ ਜਾ ਕੇ ਇਹਦੇ ਵਿਚ ਸਮਾਜੀ, ਸਿਆਸੀ, ਕਾਦਰ, ਕੁਦਰਤ, ਪਰਕ੍ਰਿਤੀ, ਮਜ਼ਹਬ, ਹਕੀਕੀ ਅਤੇ ਮਿਜਾਜ਼ੀ ਸਾਰੇ ਹੀ ਰੰਗ ਗ਼ਜ਼ਲਾਂ ਦੇ ਵਿਚ ਪਰੋ ਦਿੱਤੇ ਗਏ। ਪ੍ਰੋ. ਮੋਹਨ ਸਿੰਘ ਨੇ ਹੁਸਨ, ਇਸ਼ਕ, ਸਾਮਵਾਦ ਅਤੇ ਸਮਾਜਵਾਦ ਦਾ ਵਰਣਨ ਆਪਣੇ ਕਲਾਮ ਵਿਚ ਬਾਖ਼ੂਬੀ ਕੀਤਾ। ਡਾ. ਇਕਬਾਲ ਨੇ ਖ਼ੁਦੀ (ਰੂਹ) ਦੇ ਫ਼ਲਸਫ਼ੇ ਨੂੰ ਉਜਾਗਰ ਕੀਤਾ। ਡਾ. ਭਾਈ ਵੀਰ ਸਿੰਘ ਜੀ ਨੇ ਰਹੱਸਵਾਦ ਨੂੰ ਤਰਜੀਹ ਦਿੱਤੀ। ਸ਼ਿਵ ਕੁਮਾਰ ਸ਼ਰਮਾ 'ਬਟਾਲਵੀ' ਨੇ ਹੁਸਨ, ਇਸ਼ਕ, ਸ਼ਰਾਬ ਤੇ ਸ਼ਬਾਬ ਦੇ ਵਰਣਨ ਨੂੰ ਚਮਤਕਾਰੀ, ਜਾਦੂਮਈ, ਰਹੱਸਮਈ, ਸੁਹਜਮਈ, ਰੰਗਮਈ ਤਰੀਕੇ ਦੇ ਨਾਲ ਬਿਆਨ ਕੀਤਾ ਹੈ। ਸਗੋਂ ਵਿਸ਼ਾਲਤਾ ਪ੍ਰਾਪਤ ਕਰ ਗਿਆ ਹੈ।

ਪੁਰਾਣੇ ਸਮੇਂ ਵਿਚ ਉਸਤਾਦ ਅਤੇ ਸ਼ਗਿਰਦਾਂ ਦੀ ਪ੍ਰੰਪਰਾ ਚਲਦੀ ਸੀ। ਉਸਤਾਦ ਆਪਣੇ ਇਲਮ ਅਤੇ ਜ਼ਾਤੀ ਤਜਰਬੇ ਨੂੰ ਹਾਸਿਲ ਕਰਕੇ ਉਸ ਗਿਆਨ ਦੀ ਰੌਸ਼ਨੀ ਸ਼ਾਗਿਰਦਾਂ ਨੂੰ ਵੀ ਪ੍ਰਸ਼ਾਦ ਦੇ ਰੂਪ ਵਿਚ ਵੰਡ ਦਿੰਦੇ ਸਨ। ਮੁਹੰਮਦ ਹੁਸੈਨ ਆਜ਼ਾਦ ਨੇ 'ਆਬਿ ਹਯਾਤ' ਤਹਿਰੀਰ ਕਰਕੇ ਆਪਣੇ ਗੁਰੂ ਜਾਂ ਉਸਤਾਦਾਂ ਦੇ ਨਾਮ ਨੂੰ ਉਰਦੂ ਜਗਤ ਵਿਚ 'ਜ਼ੌਕ' ਸਾਹਿਬ ਦੇ ਨਾਮ ਨੂੰ ਰੌਸ਼ਨਮਈ ਅਤੇ ਗੌਰਵਮਈ ਬਣਾ ਦਿੱਤਾ। ਮੌਲਾਨਾ ਹਾਲੀ ਪਾਨੀਪਤੀ ਜਿਹੜੇ ਕੇ ਮਿਰਜ਼ਾ ਗ਼ਾਲਿਬ ਦੇ ਸ਼ਾਗਿਰਦ ਸਨ, ਨੇ 'ਜ਼ਿਕਰੇ ਗ਼ਾਲਿਬ' ਤਹਰੀਰ ਕਰਕੇ, ਗ਼ਾਲਿਬ ਦੀ ਸ਼ੋਹਰਤ ਨੂੰ ਉਰਦੂ ਵਿਚ ਉੱਚਾ ਮੁਕਾਮ ਹਾਸਿਲ ਕਰਵਾ ਦਿੱਤਾ।

ਕਾਬਿਲ ਸ਼ਾਗਿਰਦ ਗੁੱਟਬੰਦੀ, ਚੱਕਰਬਾਜ਼ੀ ਅਤੇ ਪੰਗੇਬਾਜ਼ੀ ਤੋਂ ਪ੍ਰਹੇਜ਼ ਕਰਦੇ ਹਨ। ਉਨ੍ਹਾਂ ਦੀ ਜ਼ਿੰਦਗੀ ਦਾ ਇਕ ਹੀ ਮਕਸਦ ਹੁੰਦਾ ਹੈ ਕਿ ਅਸੀਂ ਆਪਣੇ ਉਸਤਾਦ ਦੇ ਨਾਮ ਨੂੰ ਦਾਗ਼ ਨਹੀਂ ਲੱਗਣ ਦੇਣਾ। ਅਸੀਂ ਉਸਤਾਦ ਦੇ ਨਾਮ ਨੂੰ ਰੌਸ਼ਨਮਈ ਅਤੇ ਗੌਰਵਮਈ ਬਣਉਣਾ ਹੈ। ਗੁਰੂ ਦੇ ਪਾਸੋਂ ਇਲਮ ਹਾਸਿਲ ਕਰਕੇ, ਸਾਹਿਤ ਨੂੰ ਬੁਲੰਦੀਆਂ ਤੇ ਪਹੁੰਚਾਉਣਾ ਹੈ। ਮੈਂ ਹਰ ਇਕ ਸਾਹਿਤਕਾਰ ਨੂੰ ਬੜੀ ਹੀ ਨਿਮਰਤਾ ਅਤੇ ਆਜਜ਼ੀ ਦੇ ਨਾਲ ਬੇਨਤੀ ਕਰਦਾ ਹਾਂ ਕਿ ਸਾਨੂੰ ਕਾਬਿਲ ਉਸਤਾਦ ਦੇ ਦਾਮਨ ਨੂੰ ਪਕੜ ਲੈਣਾ ਚਾਹੀਦਾ ਹੈ। ਸਾਹਿਤ ਦੀਆਂ ਬਾਰੀਕੀਆਂ ਦਾ ਗੁਰ ਜਾਂ ਸੋਮਾ ਗੁਰੂ ਹੀ ਹੋ ਸਕਦਾ ਹੈ। ਸਾਡੀ ਇਸ ਡਾਵਾਂ-ਡੋਲ ਅਤੇ ਬੇ-ਸਹਾਰਾ ਕਿਸ਼ਤੀ ਨੂੰ ਗੁਰੂ ਹੀ ਬਾਆਸਾਨੀ ਦੂਸਰੇ ਕਿਨਾਰੇ ਲਗਾ ਸਕਦਾ ਹੈ। ਗ਼ਜ਼ਲ ਲਿਖਣ ਅੰਦਰ ਜਲਦਬਾਜ਼ੀ ਨਾਲੋਂ ਮਗ਼ਜ਼ਮਾਰੀ, ਸਖ਼ਤ ਮਿਹਨਤ, ਅਭਿਆਸ ਅਤੇ ਗੁਰੂ ਦੇ ਦੱਸੇ ਹੋਏ ਗੁਰ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ। ਗ਼ਜ਼ਲ ਇਕ ਸ਼ਾਸਤਰੀਆ ਸਿਨਫ਼ (ਕਲਾ) ਵਿਧਾ ਹੈ। ਗ਼ਜ਼ਲ ਨੂੰ ਜਿਨ੍ਹਾਂ ਇਸਤਿਆਰਿਆਂ, ਰੂਪਕ (ਮਾਪ-ਤੋਲ) ਜਾਂ ਬਿੰਬਾਬਲੀ, ਅਧਿਆਤਮਿਕ, ਗੂੜ੍ਹ, ਅਤਿਸੂਖ਼ਮ, ਅਭੌਤਿਕ, ਅਮੂਰਤ ਅਤੇ ਰਹੱਸਵਾਦੀ ਰੰਗ ਵਿਚ ਛੁਪਾ ਕੇ ਗੱਲ ਜਾਂ ਨੁਕਤਾ ਬਿਆਨ ਕਰੋਗੇ ਸ਼ਿਅਰਾਂ ਵਿਚ ਉਤਨਾ ਹੀ ਅਦਭੁੱਤ, ਚਮਤਕਾਰੀ ਨਿਖ਼ਾਰ ਜਾਂ ਗਹਿਰਾਈ ਦੀ ਝਲਕ

ਪੈਦਾ ਹੋ ਜਾਏਗੀ। ਗ਼ਜ਼ਲ ਤਾਂ ਮੰਗ ਕਰਦੀ ਹੈ ਜਾਂ, ਚਾਹਤ ਕਰਦੀ ਹੈ ਕਿ ਐ ਸ਼ਾਇਰ ਤੂੰ ਮੇਰਾ ਘੁੰਡ ਚੁੱਕ ਕੇ ਪਾਠਕ ਦੇ ਮੂਹਰੇ ਪੇਸ਼ ਨਾ ਕਰ। ਮੈਨੂੰ ਪਰਦੇ ਵਿਚ ਹੀ ਛੁਪਾ ਕੇ, ਰੂਪਕ ਜਾਂ ਇਸਤਿਆਰਿਆਂ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕਰ ਤਾਂ ਜੋ ਕਿ ਪਾਠਕ ਬੌਧਿਕ ਤੌਰ 'ਤੇ ਮੇਰੇ ਹੁਸਨ ਦੀ ਰੌਸ਼ਨੀ ਜਾਂ ਚਮਕ ਤੇ ਦਮਕ ਦਾ ਖ਼ੁਦ ਅੰਦਾਜ਼ਾ ਲਗਾ ਕੇ ਆਪਣੀ ਰੂਹ ਨੂੰ ਤ੍ਰਿਪਤ ਕਰਕੇ ਇਕ ਰੂਹਾਨੀਅਤ ਮੰਡਲ ਦੀ ਸੈਰ ਕਰ ਸਕੇ। ਸ਼ਬਦਾਂ ਵਿਚ ਸਿੱਧੀ ਸਪਾਟ ਗੱਲ ਕਰਨੀ ਬੇਮਾਇਨੀ ਬਿਆਨਬਾਜ਼ੀ ਪਾਠਕ ਨੂੰ ਸਰੂਰ ਜਾਂ ਆਨੰਦ ਪ੍ਰਦਾਨ ਨਹੀਂ ਕਰ ਸਕਦੀ। ਸ਼ਿਅਰ ਵੀ ਇਤਨੀ ਮਕਬੂਲੀਅਤ ਹਾਸਿਲ ਨਹੀਂ ਕਰ ਸਕਦਾ। ਇਸ ਵਾਸਤੇ ਗ਼ਜ਼ਲ ਦੇ ਨਾਲ ਵਫ਼ਾਦਾਰੀ, ਸਾਧਨਾ, ਤਪੱਸਿਆ, ਪ੍ਰੇਮ ਅਤੇ ਮੋਹ ਪਾਲਦੇ ਹੋਏ ਬੇਲੋੜੀਆਂ ਗੁੱਟਬੰਦੀਆਂ ਤੋਂ ਉੱਪਰ ਉੱਠ ਕੇ ਲਾਜ਼ਮੀ ਹੈ ਕਿ ਇਸ ਵਿਧਾਨ ਬਾਰੇ ਜਾਣਕਾਰੀ ਅਤੇ ਗਿਆਨ ਪ੍ਰਾਪਤ ਕਰਨ ਲਈ ਉਸਤਾਦ-ਸ਼ਾਗਿਰਦ ਦੀ ਪ੍ਰਥਾ ਵੀ ਜ਼ਰੂਰੀ ਹੈ।

ਮੇਰੀਆਂ ਇਹ ਗ਼ਜ਼ਲਾਂ ਬਹੁਤ ਸਾਰੇ ਰਸਾਲਿਆਂ, ਅਖ਼ਬਾਰਾਂ ਦੇ ਮਾਧਿਅਮ ਦੇ ਸਾਧਨ ਜਾਂ ਜ਼ਰੀਏ ਰਾਹੀਂ ਛਾਇਆ ਜਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਮੈਂ ਇਹ ਗ਼ਜ਼ਲ-ਸੰਗ੍ਰਹਿ ਲੈ ਕੇ ਉਸਤਾਦ ਜਨਾਬ ਗੁਰਦਿਆਲ ਰੌਸ਼ਨ ਸਾਹਿਬ ਦੀ ਕਚਹਿਰੀ ਜਾਂ ਕਲਾ-ਮੰਦਰ 'ਚ ਪੇਸ਼ ਹੋ ਰਿਹਾ ਹਾਂ। ਮੈਨੂੰ ਪੂਰੀ ਆਸ ਹੈ ਕਿ ਗੁਰੂ ਜੀ ਮੇਰੇ ਕਲਾਮ ਤੇ ਕ੍ਰਿਪਾ ਦ੍ਰਿਸ਼ਟੀ ਪਾਉਣ ਖ਼ਾਤਰ ਆਪਣਾ ਕੀਮਤੀ ਸਮਾਂ, ਇਸ ਰੁਝੇਵੇਂ ਵਾਲੀ ਜ਼ਿੰਦਗੀ 'ਚੋਂ ਕੱਢ ਕੇ ਨਜ਼ਰਸਾਨੀ ਕਰਨ ਦੀ ਕ੍ਰਿਪਾਲਤਾ ਕਰਨਗੇ।

ਮੈਂ ਜਨਾਬ ਸੁਰਿੰਦਰ ਕੁਮਾਰ ਸਹੋਤਾ ਅਤੇ ਪਰਦੁਮਨ ਸਿੰਘ ਗੋਤਰਾ ਹੁਰਾਂ ਦਾ ਬਹੁਤ ਹੀ ਅਹਿਸਾਨਮੰਦ ਹਾਂ। ਉਨ੍ਹਾਂ ਨੇ ਮੈਨੂੰ ਸਹਿਯੋਗ ਦਿੱਤਾ ਅਤੇ ਕਿਤਾਬ ਦੇ ਛਪਵਾਉਣ ਵਿਚ ਮੇਰੀ ਮਾਇਕ ਸਹਾਇਤਾ ਵੀ ਕੀਤੀ ਹੈ। ਮੈਂ ਸਦਾ ਹੀ ਇਨ੍ਹਾਂ ਦਾ ਕਰਜ਼ਦਾਰ ਅਤੇ ਸ਼ੁਕਰਗੁਜ਼ਾਰ ਰਹਾਂਗਾ। ਮੈਂ ਆਪਣੇ ਵੱਡੇ ਵੀਰ ਜਨਾਬ ਬਲਵੰਤ ਸਿੰਘ ਬੈਂਸ ਜੋ ਕੇ ਦਿਆਨਤਦਾਰ ਅਤੇ ਵਫ਼ਾਦਾਰ ਸਲਾਹਕਾਰ ਹਨ। ਉਨ੍ਹਾਂ ਨੂੰ ਚਾਰ ਭਾਸ਼ਾਵਾਂ ਦਾ ਗਿਆਨ ਹੈ। ਕਵਿਤਾ ਦੇ ਸੱਚੇ ਅਤੇ ਸੁੱਚੇ ਪ੍ਰੇਮੀ ਹਨ। ਸ਼ਿਅਰਾਂ ਦੀ ਜ਼ੁਲਫ਼ ਨੂੰ ਖੋਲ੍ਹਣ ਦਾ ਉਨ੍ਹਾਂ ਦੇ ਪਾਸ ਗੁਰ ਹੈ। ਜਿਹੜਾ ਕੇ ਉਨ੍ਹਾਂ ਨੇ ਆਪਣੇ ਉਸਤਾਦਾਂ ਜਾਂ ਬਜ਼ੁਰਗਾਂ ਪਾਸੋਂ ਹਾਸਿਲ ਕੀਤਾ ਹੈ। ਉਹ ਸ਼ਿਅਰਾਂ ਦੇ ਰਹੱਸ ਨੂੰ ਬਾਖ਼ੂਬੀ ਖੋਲ੍ਹ ਸਕਦੇ ਹਨ। ਉਨ੍ਹਾਂ ਦੀ ਹੌਂਸਲਾ-ਅਫ਼ਜ਼ਾਈ, ਸੁਝਾਓ ਅਤੇ ਮਸ਼ਵਰਾ ਵੀ ਮਦਦਗਾਰ ਸਾਬਿਤ ਹੋਏ ਹਨ। ਮੈਂ ਇਨ੍ਹਾਂ ਦਾ ਵੀ ਰਿਣੀ ਅਤੇ ਧੰਨਵਾਦੀ ਹਾਂ।

ਮੈਂ ਉਨ੍ਹਾਂ ਉਸਤਾਦ-ਜਨਾ ਦਾ ਵੀ ਕਰਜ਼ਦਾਰ ਹਾਂ ਜੋ ਮੇਰੀ ਜ਼ਿੰਦਗੀ ਦੇ ਸਫ਼ਰ ਵਿਚ ਆਏ ਅਤੇ ਸਮੇਂ-ਸਮੇਂ ਸਿਰ ਉਸਤਾਦਾਨਾ, ਗੁਰ, ਗਿਆਨ ਦੀ ਕ੍ਰਿਪਾ ਰੂਪੀ ਬਾਰਿਸ਼ ਕਰਦੇ ਰਹੇ। ਮੈਂ ਨਤਮਸਤਕ ਹਾਂ ਉਰਦੂ ਦੇ ਸ਼ਾਇਰ ਅਤੇ ਮੇਰੇ ਅਧਿਆਪਕ ਜਨਾਬ ਐਸ਼ ਕਰਨਾਣਵੀ ਜੀ ਅਤੇ ਡਾ. ਰਣਧੀਰ ਸਿੰਘ 'ਚੰਦ' ਜੋ ਕੇ ਉਰਦੂ-ਫ਼ਾਰਸੀ ਦੇ ਵੀ ਸ਼ਾਇਰ ਹਨ। ਡਾ. ਦੇਵਿੰਦਰ ਕੌਰ,

ਮਰਹੂਮ ਉਸਤਾਦ ਨਿਰੰਜਨ ਸਿੰਘ 'ਨੂਰ' ਜੀ ਦਾ ਜਿਨ੍ਹਾਂ ਦੀ ਬਦੌਲਤ ਮੈਂ ਅੱਜ ਇਸ ਮੁਕਾਮ 'ਤੇ ਹਾਂ। ਅੰਤ ਵਿਚ ਮੈਂ ਧਨਵਾਦੀ ਹਾਂ ਆਪਣੇ ਸੁਹਿਰਦ, ਧੀਰਜਵਾਨ, ਸੱਚੇ ਅਤੇ ਯਕੀਨੀ ਪਾਠਕਾਂ ਦਾ ਜੋ ਸਮੇਂ-ਸਮੇਂ ਆਪਣੀ ਨੇਕ ਸਲਾਹ ਤੇ ਸੁਝਾਓ ਨਾਲ ਨਿਵਾਜ਼ਦੇ ਰਹੇ ਹਨ।

ਅੰਤ ਵਿਚ ਮੈਂ ਪੰਜਾਬੀ ਮਾਂ ਬੋਲੀ ਦੇ ਸਪੂਤ, ਦੀਪਕ ਜੈਤੋਈ ਮੱਦਰਸੇ ਦੇ ਗੱਦੀ-ਨਸ਼ੀਨ ਜਨਾਬ ਗੁਰਦਿਆਲ ਰੌਸ਼ਨ ਜੀ ਜਿਨ੍ਹਾਂ ਨੂੰ ਗ਼ਜ਼ਲ ਦੇ ਪਿਤਾਮਾ ਜਾਂ ਖ਼ੁਦਾ-ਏ-ਸੁਖ਼ਨ ਦੇ ਲਕਬ ਦੀ ਹਸਤੀ ਪ੍ਰਾਪਤ ਹੈ ਦਾ ਧਨਵਾਦੀ ਹਾਂ। ਮੈਂ ਉਨ੍ਹਾਂ ਦਾ ਦਾਮਨਗੀਰ ਅਤੇ ਉਨ੍ਹਾਂ ਦੇ ਦਰ ਦਾ ਮੁਰੀਦ ਹਾਂ। ਜਨਾਬ ਅਨੇਕਾਂ ਹੀ ਨਵੇਂ ਸ਼ਾਇਰਾਂ ਨੂੰ ਸੇਧ, ਸਲਾਹ, ਮਸ਼ਵਰਾ ਦੇ ਕੇ ਗ਼ਜ਼ਲਾਂ ਜਾਂ ਕਵਿਤਾਵਾਂ ਦੀ ਜ਼ਮੀਨ ਨੂੰ ਹਮਵਾਰ ਕਰਕੇ, ਤਰਾਸ਼ ਕੇ ਜਾਂ ਜ਼ਮੀਨ ਨੂੰ ਪੱਧਰ ਕਰਨ ਦੀ ਕਲਾ ਦੇ ਮਾਹਿਰ ਉਸਤਾਦ ਹਨ। ਮੈਂ ਸ਼ੁਕਰਾਨੇ ਵਜੋਂ ਜਨਾਬ ਰੌਸ਼ਨ ਸਾਹਿਬ ਜੀ ਨੂੰ ਸਜਦਾਰੇਜ਼ੀ ਪੇਸ਼ ਕਰਦਾ ਹਾਂ।

ਐ ਖ਼ੁਦਾ! ਮੇਰੀ ਹਯਾਤੀ ਨੂੰ ਗ਼ਜ਼ਲ ਦਾ ਦਾਨ ਦੇ।
ਮੇਰਿਆਂ ਸ਼ਿਅਰਾਂ ਨੂੰ ਦੇ ਨਾ ਦਰਦ, ਤੂੰ ਮੁਸਕਾਨ ਦੇ।

ਗ਼ਜ਼ਲ ਦੇ ਪਾਠਕਾਂ ਨੇ ਹਮੇਸ਼ਾਂ ਮੇਰੀਆਂ ਪੁਸਤਕਾਂ ਦਾ ਉਤਸ਼ਾਹ ਵਧਾਇਆ ਹੈ। ਇਸ ਸਬੰਧੀ ਮੈਂ ਉਨ੍ਹਾਂ ਦਾ ਦਿਲੋਂ ਸ਼ੁਕਰਾਨਾ ਕਰਦਾ ਹਾਂ। ਆਸ ਹੈ ਕਰਦਾ ਹਾਂ ਕਿ ਮੇਰਾ ਨਵਾਂ ਗ਼ਜ਼ਲ ਸੰਗ੍ਰਹਿ 'ਤੇਰੀ ਇਬਾਦਤ' ਵੀ ਉਨ੍ਹਾਂ ਦੀ ਪਸੰਦ ਬਣੇਂਗਾ। ਕਲਾਤਮਿਕ ਕਾਰਜ ਕਦੀ ਸੰਪੂਰਨ ਨਹੀਂ ਹੁੰਦਾ ਨਾ ਹੀ ਸੰਪੂਰਨ ਸਮਝਣਾ ਚਾਹੀਦਾ ਹੈ। ਇਸ ਵਿਚ ਰਹਿ ਗਈ ਕਿਸੇ ਵੀ ਭੁੱਲ ਦੀ ਸੂਚਨਾ ਮੈਨੂੰ ਹੋਰ ਬਿਹਤਰ ਲਿਖਣ ਦਾ ਬਲ ਬਖਸ਼ੇਗੀ। ਧਨਵਾਦ।

01.01.2022 ਵੂਲਵਰਹੈਂਪਟਨ

# ਤਰਤੀਬ


ਦਿਲ ਤਿਰਾ/16
ਅੱਧੀ ਰਾਤੀਂ/17
ਤੁਰਿਆ ਜਾਵਾਂ/18
ਕਮਲੇ ਲੋਕੀਂ/19
ਦਿਸ ਰਿਹਾ/20
ਭੇਦ ਰਿਹਾ/21
ਸਵੇਰੇ ਤੋਂ/22
ਕੌਣ ਭਰਦਾ/23
ਪੈਰ ਨਾ ਧਰ/24
ਹਰ ਖ਼ੁਸ਼ੀ ਅੰਦਰ/25
ਬੜਾ ਮਗ਼ਰੂਰ/26
ਮੁਹੱਬਤ ਦਾ/27
ਸਾਡੇ ਪੱਲੇ/28
ਜਦ ਆਪਾਂ/29
ਮਾਯੂਸੀ/30
ਰਿਹਾ ਮਨ/31
ਬੜਾ ਹੀ/32
ਝੱਲਿਆ ਹੈ/33
ਮੈਂ ਕਾਤਿਲ/34
ਅਸਾਡੇ ਸ਼ਹਿਰ/35
ਹੈ ਕਿੰਨਾ/36
ਤੇਰੀ ਕੀਤੀ ਇਬਾਦਤ/37
ਅੰਬਰ/38
ਨਾ ਮੁਕੰਮਲ/39
ਦਿਨ ਦੇ ਸਮੇਂ/40
ਜੇ ਲੋਕੀਂ/41
ਸਚਾਈ ਹੈ/42
ਐ ਖ਼ੁਦਾ/43
ਖ਼ੂਨ ’ਚ/44
ਇਵੇਂ ਲਗਦੈ/45
ਮੇਰਾ ਦਿਲ/46
ਹਰ ਇਕ/47
ਮਿਰਾ ਹਰ ਚਾਅ/48
ਦੁਨੀਆਂ/49
ਜਦੋਂ ਕੋਠੇ/50
ਲਹਿ ਗਈ/51
ਅੰਬਰ ਦੇ/52
ਕਿਸੇ ਦੀ ਯਾਦ/53
ਭਾਵੇਂ/54
ਸਭ ਕੁਝ/55

ਤ੍ਰਿਸ਼ੂਲਾਂ/56
ਦੁਨੀਆਂ ਅਜ ਕਲ੍ਹ/57
ਜੀਣਾ ਔਖਾ/58
ਫੁੱਲਾਂ ਵਾਂਗੂੰ/59
ਮੈਂ ਸੱਚ/60
ਗਾਈ ਜਾ/61
ਇਹ ਤਾਂ/62
ਤਲਖ਼ੀ/63
ਜਦ ਮੇਰੇ/64
ਚਿਹਰੇ/65
ਠੇਲ੍ਹ ਦੇਵੋ/66
ਪੌਣ/67
ਮਨ ਕਾਫ਼ਿਰ/68
ਅਪਣਾ ਕੌਲ/69
ਫ਼ਲਕ 'ਚੋਂ/70
ਨਾ ਗ਼ੈਰਾਂ ਦਾ/71
ਕਿਸ ਤਰ੍ਹਾਂ/72
ਹੈ ਨਹੀਂ/73
ਐ ਦਿਲ/74
ਇਓਂ ਕਦੋਂ/75
ਬੰਦਿਸ਼ਾਂ/76
ਉਹ ਮੇਰੇ/77
ਦਰਦ/78
ਦਿਨ ਵੇਲੇ/79
ਜੁਰਮ ਦੀ/80
ਸਿਤਮਗਰ/81
ਸੁਲਘਦੇ/82
ਦਿਲ ਮੇਰੇ/83
ਗੱਲ ਹਮੇਸ਼ਾਂ/84
ਖ਼ੁਦ ਨੂੰ/85
ਚਿੜੀਆਂ ਦਾ/86
ਦੇਖਾਂ ਖ਼ੁਦ ਨੂੰ/87
ਛੁਪ ਛੁਪ/88
ਡਰ ਜੇ/89
ਬੜੇ ਬੇ-ਦਰਦ/90
ਮੁਸ਼ਕਿਲ/91
ਇਕ ਮੁੱਦਤ/92
ਬੰਦਾ ਅਜ ਦਾ/93
ਤਲਵਾਰਾਂ/94
ਹਵਾ ਮਹਿਕੇ ਜਦੋਂ/95
ਮੁੱਲ ਤਾਰਦਾ/96
ooooo

## ਦਿਲ ਤਿਰਾ

ਦਿਲ ਤਿਰਾ ਵੀ ਤੇ ਮਿਰਾ ਦਿਲ ਵੀ, ਬੜਾ ਹੈਰਾਨ ਹੈ।
ਵਸਲ ਵਿਚ ਹਾਂ, ਫੇਰ ਵੀ ਕਿਉਂ ਫ਼ਾਸਲਾ ਹੈਰਾਨ ਹੈ।

ਆਪਣੀ ਪਰਵਾਜ਼ ਮੈਂ ਕਿੱਦਾਂ ਭਰੀ ਉਲਟੀ ਤਰਫ਼,
ਕੜਕਦੀ ਧੁੱਪ, ਤਪਸ਼ ਵਿਚ ਗੁੰਨ੍ਹੀ ਹਵਾ ਹੈਰਾਨ ਹੈ।

ਹੈ ਖੜ੍ਹਾ ਬਾਰੂਦ ਉੱਤੇ, ਆਖਦੈ ਮਰਨਾ ਨਹੀਂ,
ਆਦਮੀ ਦੀ ਸੋਚ ਉੱਤੇ ਬੁਲਬੁਲਾ ਹੈਰਾਨ ਹੈ।

ਹੋ ਗਈ ਜਲਥਲ, ਵਰ੍ਹੇ ਬੱਦਲ ਬੜੇ ਰੂਹ ਨਾਲ ਅਜ,
ਫੇਰ ਵੀ ਧਰਤੀ ਪਿਆਸੀ ਹੈ, ਘਟਾ ਹੈਰਾਨ ਹੈ।

ਪੈਰ ਧਰਦੇ ਹਾਂ ਅਗਾਹਾਂ, ਫ਼ਾਸਲਾ ਮੁਕਦਾ ਨਹੀਂ,
ਕਿਉਂ ਨਹੀਂ ਮੰਜ਼ਿਲ ’ਤੇ ਪਹੁੰਚੇ ਕਾਫ਼ਿਲਾ ਹੈਰਾਨ ਹੈ।

ਏਸ ਦਾ ਮੇਰੇ ’ਤੇ ਕੋਈ ਵੀ ਅਸਰ ਹੁੰਦਾ ਨਹੀਂ,
ਵੈਦ ਵੀ ਹੈਰਾਨ ਮੇਰਾ ਤੇ ਦਵਾ ਹੈਰਾਨ ਹੈ।

ਸਬਰ ਮੇਰਾ ਵੇਖਕੇ ‘ਸੱਗੂ’ ਉਹ ਧਾਹੀਂ ਰੋ ਪਿਆ,
ਵੇਖ ਕੇ ਮੇਰੀ ਵਫ਼ਾ ਨੂੰ, ਬੇਵਫ਼ਾ ਹੈਰਾਨ ਹੈ।

## ਅੱਧੀ ਰਾਤੀਂ

ਅੱਧੀ ਰਾਤੀਂ ਸ਼ਹਿਰ ਮੇਰੇ ਵਿਚ ਤਲਵਾਰਾਂ ਦਾ ਸ਼ੋਰ ਸੁਣੇਂ।
ਲਗਦੈ ਫਿਰ ਟੁੱਟਣਗੇ ਸੁਪਨੇ ਜਿਹੜੇ ਸੁਪਨੇਸਾਜ਼ ਬੁਣੇਂ।

ਕਿਸ ਨੇ ਆ ਕੇ ਸਭ ਕਲੀਆਂ ਦੀ ਪੱਤੀ ਪੱਤੀ ਕੀਤੀ ਹੈ,
ਮੇਰੇ ਇਸ ਗੁਲਸ਼ਨ ਦੇ ਵਿੱਚੋਂ ਕਿਸ ਨੇ ਆ ਕੇ ਫੁੱਲ ਚੁਣੇਂ।

ਅਸਮਾਨਾਂ ਨੂੰ ਟਾਕੀ ਲਾਉਂਣੀ ਏਨਾਂ ਸੌਖਾਂ ਕੰਮ ਨਹੀਂ,
ਪਰਬਤ ਕੌਣ ਉਠਾ ਸਕਦਾ ਹੈ ਤੇ ਸਾਗਰ ਨੂੰ ਕੌਣ ਪੁਣੇਂ।

ਤੀਲਾ ਤੀਲਾ ਹੋਈਆਂ ਆਸਾਂ, ਖ਼ੁਸ਼ੀਆਂ ਨੂੰ ਨਾ ਬੂਰ ਪਿਆ,
ਇਕ ਇਕ ਕਰਕੇ ਟੁੱਟੇ ਸਾਰੇ, ਜਿਹੜੇ ਵੀ ਮੈਂ ਖ਼ਾਬ ਬੁਣੇਂ।

ਤੇਰੇ ਗ਼ਲ ਵਿਚ ਬਾਹਾਂ ਪਾ ਕੇ ਨੱਚਾਂ ਮੁੜ ਮੁੜ ਗਾਵਾਂ ਮੈਂ,
ਮੈਂ ਵੀ ਈਦ ਮਨਾਵਾਂ ਅਪਣੀ, ਆ ਜਾਵੇਂ ਜੇ ਯਾਰ ਹੁਣੇਂ।

ਉਸ ਨੂੰ ਰੋਜ਼ ਦੁਆ ਦਿੱਤੀ ਹੈ ਮੈਂ ਕਿ ਹਸਦਾ ਵਸਦਾ ਰਹਿ,
ਜਿਸ ਨੇ ਮੇਰੇ ਅਗਲੇ ਪਿਛਲੇ ਸਾਰੇ ਰਿਸ਼ਤੇਦਾਰ ਪੁਣੇਂ।

ਡੂੰਘੇ ਪਾਣੀ ਉੱਤੇ ਤਰਿਆ ਹੈ ਹਰ ਜਜ਼ਬਾ ਐ 'ਸੱਗੂ'
ਖ਼ੁਸ਼ਬੋਆਂ ਨੇ ਪੌਣਾਂ ਉੱਤੇ ਅਪਣੇ ਅਪਣੇ ਨਾਮ ਖੁਣੇਂ।

## ਤੁਰਿਆ ਜਾਵਾਂ

ਤੁਰਿਆ ਜਾਵਾਂ ਏਧਰ ਓਧਰ ਜੀਅ ਕਰਦੈ ਹੁਣ ਭਟਕਣ ਨੂੰ।
ਸਾਰਾ ਕੁਝ ਹੁਣ ਪਰਖ਼ ਲਿਆ ਹੈ ਕੀ ਰਹਿੰਦਾ ਹੈ ਪਰਖ਼ਣ ਨੂੰ।

ਮੇਰੇ ਦਿਲ ਦੀ ਇੱਛਾ ਹੈ ਕਿ ਫੇਰ ਪੁਰਾਣਾ ਯੁਗ ਪਰਤੇ,
ਗਲੀਆਂ ਦੇ ਵਿਚ ਘੁੰਮਾਂ ਫਿਰ ਉਹ ਯਾਰ ਬੁਲਾਵਾਂ ਖੇਡਣ ਨੂੰ।

ਹਰ ਵੇਲੇ ਸੋਚਾਂ ਦਾ ਖ਼ੰਜਰ ਸਿਰ ਮੇਰੇ ਮੰਡਰਾਉਂਦਾ ਹੈ,
ਜਦ ਤੂੰ ਮੈਨੂੰ ਕਹਿੰਨਾ ਏਂ ਕੁਝ ਚਿਰ ਲਗਦਾ ਹੈ ਸਮਝਣ ਨੂੰ।

ਰਾਤ ਬੜੀ ਕਾਇਰ ਸੀ ਉਸ ਵਿਚ ਮੇਰੀ ਚੀਖ਼ ਗੁਆਚ ਗਈ,
ਲੰਘ ਗਏ ਸਭ ਪਰ ਨਾ ਸੁਣਿਆਂ ਲੋਕਾਂ ਮੇਰੀ ਤੜਪਣ ਨੂੰ।

ਦੂਰੀ ਉੱਤੇ ਖੜ੍ਹ ਨਾ ਮੈਥੋਂ ਨੇੜੇ ਹੋ ਕੇ ਬਹਿ ਸਜਣਾ,
ਬਹੁਤਾ ਨਾ ਸ਼ਰਮਾਇਆ ਕਰ ਤੂੰ ਉਮਰ ਪਈ ਹੈ ਸੰਗਣ ਨੂੰ।

ਬੰਦੇ ਦਾ ਕਿਰਦਾਰ ਗਿਆ, ਵਿਵਹਾਰ ਗਿਆ ਤੇ ਪਿਆਰ ਗਿਆ,
ਖ਼ਬਰਾਂ ਸੁਣ ਕੇ ਟੀ. ਵੀ. ਉੱਤੋਂ ਜੀਅ ਕਰਦਾ ਹੈ ਗ਼ਰਕਣ ਨੂੰ।

ਐ 'ਸੱਗੂ' ਹੜ੍ਹ ਆ ਕੇ ਪਹਿਲਾਂ ਹੀ ਬਸਤੀ ਨੂੰ ਢਾਹ ਚੁੱਕੈ,
ਗਰਜ ਰਹੀ ਹੈ ਫਿਰ ਬਿਜਲੀ, ਫਿਰ ਆ ਗਏ ਬੱਦਲ ਬਰਸਣ ਨੂੰ।

## ਕਮਲੇ ਲੋਕੀਂ

ਕਮਲੇ ਲੋਕੀ ਪੂਜਣ ਜੰਡ ਕਰੀਰਾਂ ਨੂੰ।
ਨੰਗੇ ਪੈਰੀਂ ਜਾ ਕੇ ਮੰਨਣ ਪੀਰਾਂ ਨੂੰ।

ਮੜ੍ਹੀਆਂ ’ਤੇ, ਲਗਦੇ ਹਨ ਮੇਲੇ ਖੂਹਾਂ ’ਤੇ,
ਢੌਂਗੀ ਬਹਿ ਕੇ ਦੇਖੀ ਜਾਣ ਲਕੀਰਾਂ ਨੂੰ।

ਦੁਸ਼ਮਣ ਜਦ ਲਲਕਾਰੇ ਚੁਪ ਕਰ ਜਾਂਦੇ ਹਾਂ,
ਲੱਗ ਚੁੱਕਿਐ ਜੰਗਾਲ ਅਸਾਡੇ ਤੀਰਾਂ ਨੂੰ।

ਧੌਲ਼ਾ ਝਾਟਾ ਕਦ ਅਕਲਾਂ ਦਾ ਸੂਚਕ ਹੈ,
ਵਧਦਾ ਨਾ ਕੱਦ ਮਲ਼ ਕੇ ਤੇਲ ਸਰੀਰਾਂ ਨੂੰ।

ਚੁੰਮ ਲੈ ਮੱਥਾ ਰੋਂਦੇ ਹੋਏ ਬਾਲਕ ਦਾ।
ਸੀਨੇ ਨਾਲ ਲਗਾ ਨਾ ਤੂੰ ਤਸਵੀਰਾਂ ਨੂੰ।

ਵਿਹਲੜ ਲੋਕਾਂ ਗ਼ੁਰਬਤ ਗਲ਼ ਨੂੰ ਲਾਈ ਹੈ,
ਐਵੇਂ ਕੋਸੀ ਜਾਂਦੇ ਨੇ ਤਕਦੀਰਾਂ ਨੂੰ।

‘ਸੱਗੂ’ ਤੂੰ ਕੀ ਲੈਣਾ ਲੋਭੀ ਸਾਧਾਂ ਤੋਂ,
ਖ਼ੁਦ ਵੀ ਰਹਿ ਤੇ ਰੱਖ ਤੂੰ ਨਾਲ ਫ਼ਕੀਰਾਂ ਨੂੰ।

## ਦਿਸ ਰਿਹਾ

ਦਿਸ ਰਿਹਾ ਸੁੱਤਾ ਮਗਰ ਮੈਂ ਅਸਲ ਦੇ ਵਿਚ ਜਾਗਦਾ ਹਾਂ।
ਮੈਂ ਗੁਆਚੀ ਜ਼ਿੰਦਗੀ ਨੂੰ ਸੁਪਨਿਆਂ ਵਿਚ ਭਾਲਦਾ ਹਾਂ।

ਦਰਦ ਝੁਰਦੇ ਨੇ ਤੇ ਅੱਖਾਂ ਬੇ ਮੁਹਾਰੇ ਰੋਦੀਆਂ ਨੇ,
ਜ਼ਿੰਦਗੀ ਦੇ ਸਾਜ਼ ਨੂੰ ਜਦ ਵੀ ਕਦੀ ਮੈਂ ਛੇੜਦਾ ਹਾਂ।

ਵਕਤ ਮੈਨੂੰ ਆਖਦਾ ਹੈ ਬੰਦਿਆਂ ਦੇ ਵਾਂਗ ਰਹਿ ਤੂੰ,
ਆ ਗਿਆ ਆਈ ’ਤੇ ਜੇ ਪੱਛਮ ਤੋਂ ਸੂਰਜ ਚਾੜ੍ਹਦਾ ਹਾਂ।

ਜ਼ਿੰਦਗੀ ਦੇ ਭੇਦ ਇਸ ਦਾ ਫ਼ਲਸਫ਼ਾ ਨਾ ਜਾਣ ਸਕਿਆ,
ਮੈਂ ਬੜਾ ਸੀਮਤ ਹਾਂ ਬਸ, ਆਪਣੇ ਹੀ ਬਾਰੇ ਸੋਚਦਾ ਹਾਂ।

ਮੈਂ ਕਿਸੇ ਬੰਧਨ ’ਚ ਬੱਝ ਜਾਵਾਂ ਨਹੀਂ ਮਨਜ਼ੂਰ ਮੈਨੂੰ,
ਦਿਲ ਮਿਰਾ ਚਾਹੁੰਦਾ ਜੋ ਵੀ ਮੈਂ ਤਾਂ ਓਹੀ ਬੋਲਦਾ ਹਾਂ।

ਚਹਿਚਹਾਵਾਂ ਮੈਂ ਜਦੋਂ ਭਾਉਂਦਾ ਨਹੀਂ ਹੈ ਬਗਲਿਆਂ ਨੂੰ,
ਕਾਂ ਬੜੇ ਨਾਰਾਜ਼ ਹੁੰਦੇ ਨੇ ਜਦੋਂ ਪਰ ਤੋਲਦਾ ਹਾਂ।

ਜਦ ਕਦੇ ਫ਼ੁਰਸਤ ਮਿਲੇ ‘ਸੱਗੂ’ ਉਦਾਸੀ ਆਣ ਘੇਰੇ,
ਮੈਂ ਗ਼ਜ਼ਲ ਦੇ ਨਾਲ ਥੋੜ੍ਹੀ ਦੇਰ ਦੇ ਲਈ ਖੇਡਦਾ ਹਾਂ।

## ਭੇਦ ਰਿਹਾ

ਭੇਦ ਰਿਹਾ ਛੁਪਿਆ, ਨਾ ਇਸ ਦੀ ਚਰਚਾ ਹੋਈ ਹੈ।
ਪਤਵਾਰਾਂ ਸਾਗਰ ਵਿਚ ਬੇੜੀ ਆਪ ਡਬੋਈ ਹੈ।

ਉਹਨਾਂ ਲੁੱਟ ਲਈ ਹੈ ਧਰਤੀ ਸਾਡੇ ਹਿੱਸੇ ਦੀ,
ਸਾਡੇ ਨਾਲ ਹਮੇਸ਼ਾ ਹੀ ਅਣਹੋਣੀ ਹੋਈ ਹੈ।

ਏਦਾਂ ਦੀ ਮੈਂ ਹੋਰ ਕਿਤੇ ਨਾ ਦੇਖੀ ਅਜ ਤੀਕਰ,
ਤੇਰੇ ਬੋਲਾਂ ਦੇ ਵਿਚ ਜਿੰਦਾਂ ਦੀ ਖ਼ੁਸ਼ਬੋਈ ਹੈ।

ਅਪਣੇ ਲਈ ਤਾਂ ਹਰ ਇਕ ਬੰਦਾ ਜਿਊਂਦੈ ਦੁਨੀਆਂ ਵਿਚ,
ਦੂਸਰਿਆਂ ਲਈ ਐਪਰ ਜਿਊਂਦਾ ਕੋਈ ਕੋਈ ਹੈ।

ਨੰਗੇ ਪੈਰੀਂ ਆਪਾਂ ਕੱਚੇ ਰਾਹ ’ਤੇ ਨੱਚਾਂਗੇ,
ਸਾਡੇ ਸਿਰ ’ਤੇ ਜਦ ਤਕ ਬੁੱਲੇ ਸ਼ਾਹ ਦੀ ਲੋਈ ਹੈ।

ਅਪਣਾ ਜੀਵਨ ਰੋਜ਼ ਮੈਂ ਮਰਿਆਂ ਵਾਂਗ ਬਿਤਾਉਂਦਾ ਹਾਂ,
ਮੈਨੂੰ ਦਸ ਤੂੰ ਕਿੱਥੇ ਮੇਰੀ ਜਾਨ ਲਕੋਈ ਹੈ।

ਓਸ ਲਈ ਉਹ ਸੂਲਾਂ-ਕੰਡੇ ਲੈ ਕੇ ਆਇਆ ਏ,
‘ਸੱਗੂ’ ਬੈਠਾ ਜਿਸ ਦੀ ਖ਼ਾਤਰ ਹਾਰ ਪਰੋਈ ਹੈ।

## ਸਵੇਰੇ ਤੋਂ

ਸਵੇਰੇ ਤੋਂ ਬੜਾ ਡਰਦੈ, ਹਨੇਰਾ ਸਾਜ਼ਿਸ਼ਾਂ ਰਚਦਾ।
ਇਹ ਜਿੱਥੇ ਵੀ ਕਿਤੇ ਵਸਦੈ, ਹਨੇਰਾ ਸਾਜ਼ਿਸ਼ਾਂ ਰਚਦਾ।

ਜਗਾਉਂਦਾ ਹਾਂ ਜਦੋਂ ਮੈਂ ਦੀਪ ਕੋਈ, ਇਹ ਬੁਰਾ ਮੰਨੇ,
ਬੜਾ ਸੜਦੈ, ਬੜਾ ਮਚਦੈ, ਹਨੇਰਾ ਸਾਜ਼ਿਸ਼ਾਂ ਰਚਦਾ।

ਉਲਝਦਾ ਹੈ ਇਹ ਮੇਰੇ ਨਾਲ ਕਰਦੈ ਬਹਿਸ ਹਰ ਵੇਲੇ,
ਸਦਾ ਗ਼ੁਸਤਾਖ਼ੀਆਂ ਕਰਦੈ, ਹਨੇਰਾ ਸਾਜ਼ਿਸ਼ਾਂ ਰਚਦਾ।

ਚਲੋ ਹੁਣ ਰਾਗ ਕੋਈ ਛੇੜੀਏ ਮਿਲ ਕੇ ਅਸੀਂ ਸਾਰੇ,
ਬੜਾ ਗਾਉਂਦੈ, ਬੜਾ ਨਚਦੈ, ਹਨੇਰਾ ਸਾਜ਼ਿਸ਼ਾਂ ਰਚਦਾ।

ਬੜਾ ਹੀ ਰੋਕਦੇ ਹਾਂ ਇਸ ਨੂੰ, ਇਹ ਖਹਿੜਾ ਨਹੀਂ ਛਡਦਾ,
ਅਸਾਡੇ ਨਾਲ ਹੀ ਚਲਦੈ, ਹਨੇਰਾ ਸਾਜ਼ਿਸ਼ਾਂ ਰਚਦਾ।

ਜੋ ਡਰਦਾ ਏਸ ਤੋਂ ਉਸ ਨੂੰ ਡਰਾਉਂਦਾ ਹੈ, ਨਾ ਡਰ ਇਸ ਤੋਂ,
ਸਦਾ ਚਾਨਣ ਤੋਂ ਹੀ ਮਰਦੈ, ਹਨੇਰਾ ਸਾਜ਼ਿਸ਼ਾਂ ਰਚਦਾ।

ਜੇ ਆਪਾ ਬਾਲ਼ ਕੇ ਵੀ ਰੌਸ਼ਨੀ ਹੁੰਦੀ ਹੈ, ਕਰ 'ਸੱਗੂ'
ਕਦੀ ਚੁਪ ਰਹਿ ਕੇ ਨਾ ਟਲਦੈ, ਹਨੇਰਾ ਸਾਜ਼ਿਸ਼ਾਂ ਰਚਦਾ।

## ਕੌਣ ਭਰਦਾ

ਕੌਣ ਭਰਦਾ ਹੈ ਹੁੰਗਾਰੇ ਏਸ ਰੁੱਤ ਵਿਚ ਦੋਸਤੀ ਦੇ।
ਹੁਣ ਤਾਂ ਲਗਦਾ ਹੈ ਕਈ ਦਿਲ ਹੋ ਗਏ ਹਨ ਆਦਮੀ ਦੇ।

ਸ਼ਾਮ ਵੇਲੇ ਪੱਬ ਅੰਦਰ ਲੱਗ ਰਿਹੈ ਦੁੱਖਾਂ ਦਾ ਮੇਲਾ,
ਹਰ ਕਿਸੇ ਕੋਲੋਂ ਅਸੀਂ ਸੁਣੀਏ ਤਰਾਨੇ ਬੇਬਸੀ ਦੇ।

ਗੀਤ ਗਾਇਆ ਕਰ ਨਵੀਂ ਰੁੱਤ ਦੇ ਹਮੇਸ਼ਾ ਆਫ਼ਤਾਂ ਵਿਚ,
ਕਰ ਲਿਆ ਕਰ ਤੂੰ ਤਸੱਵੁਰ ਮੁੜ ਕਲੀ ਇਕ ਮਹਿਕਦੀ ਦੇ।

ਵਸਲ ਵਿਚ ਵੀ ਦੋਸਤਾ ਰਖਦਾ ਪਿਆਂ ਏਂ ਫ਼ਾਸਲਾ ਕਿਉਂ,
ਇਸ ਤਰ੍ਹਾਂ ਤੂੰ ਨਾ ਭਰੋਸੇ ਤੋੜ ਮੇਰੀ ਬੰਦਗੀ ਦੇ।

ਹੁਣ ਪਵੇਗਾ ਸੂਲੀਆਂ ’ਤੇ ਫੇਰ ਚੜ੍ਹਨਾ ਜਾਪਦਾ ਹੈ,
ਫੇਰ ਪਹਿਲਾਂ ਵਾਂਗ ਮੌਸਮ ਆ ਗਏ ਹਨ ਕੇਸਰੀ ਦੇ।

ਸ਼ਿਕਰਿਆਂ ਬਾਜ਼ਾਂ ਨੇ ਉਸ ਵੇਲੇ ਬੁਰਾ ਮਹਿਸੂਸ ਕੀਤੈ,
ਜਦ ਕਦੇ ਚਿੜੀਆਂ, ਗੁਟਾਰਾਂ ਗੀਤ ਗਾਏ ਦੋਸਤੀ ਦੇ।

ਜੋ ਤੇਰੇ ਦਿਲ ਵਿਚ ਹੈ ‘ਸੱਗੂ’ ਖੁੱਲ੍ਹ ਕੇ ਕਹਿੰਦਾ ਨਹੀਂ ਕਿਉਂ,
ਕਿਉਂ ਸਫ਼ੇ ਮੈਨੂੰ ਪੜ੍ਹਾਉਂਨਾ ਏਂ ਤੂੰ ਅਰਬੀ ਫ਼ਾਰਸੀ ਦੇ।

# ਪੈਰ ਨਾ ਧਰ

ਪੈਰ ਨਾ ਧਰ ਸੂਲਾਂ 'ਤੇ, ਫੜ ਨਾ ਮੁੱਠੀ ਵਿਚ ਅੰਗਾਰਾਂ ਨੂੰ।
ਰੋ ਰੋ ਕੇ ਨਾ ਅਪਣੇ ਦੁੱਖ, ਸੁਣਾਇਆ ਕਰ ਦੀਵਾਰਾਂ ਨੂੰ।

ਮੇਰੀ ਬਸਤੀ ਦੇ ਲੋਕਾਂ ਦਾ, ਪਿੱਛੇ ਮੁੜਨਾ ਜਾਰੀ ਹੈ,
ਪੂਜਣ ਜੰਡ ਕਰੀਰਾਂ ਨੂੰ ਤੇ ਆਪ ਬਣੇ ਅਵਤਾਰਾਂ ਨੂੰ।

ਲੋਕਾਂ ਕੋਲੋਂ ਅੱਖ ਬਚਾ ਕੇ ਪੀ ਜਾਂਦਾ ਹੈ ਸ਼ਾਮ ਢਲ਼ੇ,
ਸ਼ੈਖ਼ ਸਵੇਰੇ ਉੱਠ ਕੇ ਭੰਡੇ ਰਜ ਰਜ ਕੇ ਮੈਖ਼ਾਰਾਂ ਨੂੰ।

ਹਰ ਗੱਲ ਉੱਤੇ ਘਰ ਵਿਚ ਨਿਤ ਹੀ ਟੋਕਾ-ਟਾਕੀ ਹੁੰਦੀ ਹੈ।
ਏਦਾਂ ਲਗਦਾ ਹੈ ਜਿਉਂ ਸਾਡੀ ਲੋੜ ਨਹੀਂ ਪਰਿਵਾਰਾਂ ਨੂੰ।

ਘੁੰਮਣ ਘੇਰੀ ਵਿੱਚ ਫਸਾਇਐ, ਉਲਟ ਦਿਸ਼ਾ ਵੱਲ ਲੈ ਆਏ,
ਦੋਸ਼ ਕਿਸੇ ਨੂੰ ਕੀ ਦਈਏ, ਹੁਣ ਕੀ ਕਹੀਏ ਪਤਵਾਰਾਂ ਨੂੰ।

ਥਾਂ-ਥਾਂ ਲਾਸ਼ਾ ਵਿਛੀਆਂ, ਸੁਣ ਨਾ ਹੁੰਦੇ ਵੈਣ ਮਾਸੂਮਾਂ ਦੇ,
ਕਿੱਥੇ ਨੇ ਹੁਣ ਵੱਡੇ ਸੀਨੇ, ਕੀ ਹੋਇਆ ਦਮਦਾਰਾਂ ਨੂੰ।

ਵਿਹਲਾ ਬਹਿ ਕੇ 'ਸੱਗੂ' ਤੂੰ ਲਿਖਦਾ ਏ ਗ਼ਜ਼ਲਾਂ ਮੁੱਦਤ ਤੋਂ,
ਕਿੱਤਾ ਕਰ ਕੁਝ, ਲੋਕੀ ਸਾਰੇ ਤੁਰ ਗਏ ਨੇ ਕੰਮਕਾਰਾਂ ਨੂੰ।

## ਹਰ ਖ਼ੁਸ਼ੀ ਅੰਦਰ

ਹਰ ਖ਼ੁਸ਼ੀ ਅੰਦਰ ਉਦਾਸੀ ਆ ਰਲ਼ੀ ਹੈ।
ਮੇਰੇ ਚਾਵਾਂ ਦੀ ਚਿਤਾ ਲਟ-ਲਟ ਜਲੀ ਹੈ।

ਜ਼ਲਜ਼ਲੇ ਨੇ ਘਰ ਮਿਟਾ ਦਿੱਤੇ ਨੇ ਸਾਰੇ,
ਗੁੱਲ ਦੀਵੇ ਕਰ ਗਈ ਜੋ 'ਵਾ ਚਲੀ ਹੈ।

ਉਸ ਦੇ ਚਿਹਰੇ ਤੋਂ ਮਿਟਣਗੇ ਦਾਗ਼ ਕਿੱਦਾਂ,
ਉਸ ਨੇ ਮੇਰੇ ਪਿਆਰ ਦੀ ਦਿਤੀ ਬਲੀ ਹੈ।

ਇਸ ਦੀ ਬੁੱਕਲ ਵਿਚ ਜ਼ਮੀਰਾਂ ਵਿਕਦੀਆਂ ਨੇ,
ਸ਼ਾਮ ਜਦ ਵੀ ਸ਼ੋਖ਼ ਰੰਗਾਂ ਵਿਚ ਢਲੀ ਹੈ।

ਸੱਚ ਕਦੀ ਛੁਪਦਾ ਨਹੀਂ ਹੈ ਪਰਦਿਆਂ ਵਿਚ,
ਮਨ ਦੀ ਕਾਲਖ਼ 'ਤੇ ਕਦੋਂ ਹੁੰਦੀ ਕਲੀ ਹੀ।

ਰਹਿ ਰਿਹਾ ਡਰਪੋਕ ਇਕ ਮਨ ਦੇ ਦੁਆਰੇ,
ਆਪਣੇ ਅੰਦਰ ਵੀ ਰਹਿੰਦਾ ਇਕ ਵਲੀ ਹੈ।

ਕਤਲਗਾਹ ਦਿਸਦੀ ਹੈ 'ਸੱਗੂ' ਸੱਥ ਅੰਦਰ,
ਕਰਬਲਾ ਦੇ ਵਾਂਗ ਪਿੰਡ ਦੀ ਹਰ ਗਲੀ ਹੈ।

## ਬੜਾ ਮਗ਼ਰੂਰ

ਬੜਾ ਮਗ਼ਰੂਰ ਹੈ ਦਿਲਬਰ ਉਹ ਪਰਦਾ ਓੜ ਲੈਂਦਾ ਹੈ।
ਜਦੋਂ ਗੁਜ਼ਰੇ ਮੇਰੇ ਕੋਲੋਂ ਉਦੋਂ ਮੁਖ ਮੋੜ ਲੈਂਦਾ ਹੈ।

ਕਰੇ ਰੋਸੇ, ਕਦੇ ਸ਼ਿਕਵੇ, ਕਦੇ ਉਹ ਮਾਰਦਾ ਮੇਹਣੇ,
ਉਹ ਗੱਲਾਂ ਦਾ ਬੜਾ ਮਾਹਿਰ ਕਹਾਣੀ ਜੋੜ ਲੈਂਦਾ ਹੈ।

ਖ਼ੁਦਾ ਜਾਣੇ ਕਿ ਉਸ ਦੇ ਦਿਲ 'ਚ ਕਿਹੜੀ ਗੱਲ ਦਾ ਰੋਸਾ,
ਭਰੀ ਮਹਿਫ਼ਲ 'ਚ ਉਹ ਅਕਸਰ ਹੀ ਨਾਤੇ ਤੋੜ ਲੈਂਦਾ ਹੈ।

ਸਦਾ ਮੈਂ ਫੁੱਲ ਚਾੜ੍ਹੇ ਓਸ ਦੀ ਹਰ ਗੱਲ ਦੇ ਉੱਤੇ,
ਉਹ ਮੈਨੂੰ ਦੇਖ ਕੇ ਆਪਣਾ ਦੁਪੱਟਾ ਓੜ ਲੈਂਦਾ ਹੈ।

ਮੇਰੇ ਬੂਹੇ 'ਤੇ ਲੱਗੀ ਵੇਲ ਨੂੰ ਪੈਂਦੇ ਨੇ ਫੁੱਲ ਜਦ ਵੀ,
ਉਨ੍ਹਾਂ ਨੂੰ ਆਣ ਕੇ ਕੋਈ ਨਾ ਕੋਈ ਤੋੜ ਲੈਂਦਾ ਹੈ।

ਜਦੋਂ 'ਸੱਗੂ' ਉਹ ਖ਼ਤ ਪੜ੍ਹਦੈ ਤਾਂ ਪੜ੍ਹ ਕੇ ਪਾੜ ਦਿੰਦਾ ਏ,
ਉਹ ਮੈਨੂੰ ਓਪਰੇ ਨਾਵਾਂ ਦੇ ਵਿਚ ਹੀ ਜੋੜ ਲੈਂਦਾ ਹੈ।

## ਮੁਹੱਬਤ ਦਾ

ਮੁਹੱਬਤ ਦਾ ਜਨਮ ਹੁੰਦੈ ਸਦਾ ਸਤਿਕਾਰ ਦੇ ਵਿੱਚੋਂ।
ਦਿਲਾਂ 'ਤੇ ਫੱਟ ਨੇ ਲਗਦੇ ਸਦਾ ਤਕਰਾਰ ਦੇ ਵਿੱਚੋਂ।

ਨਹੀਂ ਮੈਂ ਰੋਕਦਾ ਤੂੰ ਆਜ਼ਮਾ ਲੈ ਆਪਣੀ ਕਿਸਮਤ,
ਕਿਸੇ ਖੱਟਿਆ ਨਹੀਂ ਕੁਝ ਵੀ ਅਜੇ ਤਕ ਪਿਆਰ ਦੇ ਵਿੱਚੋਂ।

ਜ਼ੁਬਾਂ ਦੇ ਤੀਰ ਨੂੰ ਰੱਖੋ ਸਦਾ ਕਾਬੂ ਦੇ ਵਿਚ ਅਪਣੇ,
ਤੁਸੀਂ ਚਿੰਗਾਰੀਆਂ ਕੱਢੋ ਨਾ ਇਸ ਤਲਵਾਰ ਦੇ ਵਿੱਚੋਂ।

ਜੇ ਚਾਹ ਹੋਵੇ ਤਾਂ ਮਾਂ ਤੇ ਬਾਪ ਤੋਂ ਵੱਡਾ ਨਾ ਰਬ ਕੋਈ,
ਖ਼ੁਦਾ ਦਾ ਨੂਰ ਦਿਸ ਪੈਂਦਾ ਹੈ ਪਾਲਣਹਾਰ ਦੇ ਵਿੱਚੋਂ।

ਅਮਰ ਹੋਏ ਨੇ ਉਹ, ਉਹਨਾਂ ਨੂੰ ਦੁਨੀਆਂ ਯਾਦ ਕਰਦੀ ਹੈ,
ਜਿਨ੍ਹਾਂ ਪੀਤਾ ਸ਼ਹਾਦਤ ਜਾਮ ਖ਼ੰਡੇ-ਧਾਰ ਦੇ ਵਿੱਚੋਂ।

ਤੁਸੀਂ ਲੱਭੋ ਨਵੇਂ ਰਬ ਮੈਂ ਕਦੋਂ ਇਤਰਾਜ਼ ਕਰਦਾ ਹਾਂ,
ਖ਼ੁਦਾ ਨੂੰ ਪਾ ਲਿਆ ਹੈ ਮੈਂ ਤਾਂ ਅਪਣੇ ਯਾਰ ਦੇ ਵਿੱਚੋਂ।

ਕਲਮ ਤੇਰੀ ਗ਼ਜ਼ਲ ਦੇ ਸ਼ਿਅਰ ਜਦ ਵੀ ਆਖਦੀ 'ਸੱਗੂ'
ਤਿਰੀ ਦੀਵਾਨਗੀ ਝਾਕੇ ਤਿਰੇ ਅਸ਼ਿਆਰ ਦੇ ਵਿੱਚੋਂ।

## ਸਾਡੇ ਪੱਲੇ

ਸਾਡੇ ਪੱਲੇ ਗ਼ਮ ਨੇ, ਹੰਝੂ ਹਨ ਤੇ ਹਉਂਕੇ ਹਾਵਾਂ ਨੇ।
ਫਿਰ ਵੀ ਈਨ ਕਦੇ ਨਾ ਮੰਨੀ ਐਪਰ ਸਾਡੇ ਚਾਵਾਂ ਨੇ।

ਬੇਗਾਨੇ ਤਾਂ ਬੇਗਾਨੇ ਹਨ ਉਹਨਾਂ ’ਤੇ ਨਾ ਸ਼ਿਕਵਾ ਕਰ,
ਪਰ ਸਾਨੂੰ ਤਾਂ ਜੀਵਨ ਭਰ ਹੀ ਦਿਤਾ ਖ਼ੌਫ਼ ਭਰਾਵਾਂ ਨੇ।

ਪਿੰਡ ਮਿਰੇ ਵਿਚ ਜੋ ਸੂਰਜ ਸੀ ਓਹੀ ਦਿਸਦੈ ਥੇਮਜ਼ ਵਿਚ
ਓਹੀ ਸੂਰਜ ਲੱਭਣ ਜਾਣਾ ਹੈ ਮੇਰੀਆਂ ਕਵਿਤਾਵਾਂ ਨੇ।

ਖੜ੍ਹ ਜਾਣਾ ਹੈ ਮੌਤ ਬਰਾਬਰ, ਤੁਰਦੇ ਰਹਿਣਾ ਜੀਵਨ ਹੈ,
ਏਹੀ ਪਾਠ ਪੜ੍ਹਾਇਆ ਸਾਨੂੰ ਅਜ ਤੀਕਣ ਦਰਿਆਵਾਂ ਨੇ।

ਮੇਰੇ ਪਿੰਡ ’ਚ ਚਿੱਟਾ ਕਿੰਨੇ ਪੁੱਤਾਂ ਨੂੰ ਲੈ ਡੁੱਬਾ ਹੈ,
ਤੂੰ ਕੀ ਜਾਣੇ, ਕਿੰਨੇ ਹੰਝੂ ਰੋਜ਼ ਵਹਾਏ ਮਾਵਾਂ ਨੇ।

ਜੇ ਕੋਈ ਤਰਕੀਬ ਨਾ ਸੋਚੀ, ਲਭਿਆ ਨਾ ਜੇ ਹੱਲ ਇਸ ਦਾ,,
ਬਾਲਾਂ ਕੋਲੋਂ ਟੁੱਕ ਇਵੇਂ ਹੀ, ਖੋਂਹਦੇਂ ਰਹਿਣਾ ਕਾਵਾਂ ਨੇ।

ਇਕ ਵਖਰਾ ਸੰਸਾਰ ਮੁਬਾਰਕ ‘ਸੱਗੂ’ ਖ਼ੁਸ਼ੀਆਂ ਮਾਣੇਂ ਤੂੰ,
ਮੈਂ ਨਾ ਤੇਰੇ ਨਾਲ ਤਾਂ, ਮੇਰੀਆਂ ਤੇਰੇ ਨਾਲ ਦੁਆਵਾਂ ਨੇ।

## ਜਦ ਆਪਾਂ

ਜਦ ਆਪਾਂ ਵਾਕਿਫ਼ ਹਾਂ ਉਸਦੇ ਕਾਰੇ ਤੋਂ।
ਫਿਰ ਕਿਉਂ ਡਰਦੇ ਫਿਰਦੇ ਹਾਂ ਹਤਿਆਰੇ ਤੋਂ।

ਰਾਤ ਬੜੀ ਹੋਈ ਉਹ ਕਦ ਘਰ ਆਵੇਗਾ,
ਪੁੱਛ ਰਿਹਾ ਮੈਂ 'ਕੱਲੇ-'ਕੱਲੇ ਤਾਰੇ ਤੋਂ।

ਨਿਕਲਣ ਦੀ ਥਾਂ ਇਸ ਵਿਚ ਫਸਦਾ ਜਾਂਦਾ ਹਾਂ,
ਅੱਕ ਗਿਆ ਹਾਂ ਮੈਂ ਇਸ ਜਗਤ ਪਸਾਰੇ ਤੋਂ।

ਬੇ-ਇਲਮੇ ਨੇ, ਦਾਗ਼ ਲਗਾਇਆ ਚਾਨਣ ਨੂੰ,
ਕੰਮ ਸਿਰੇ ਨਾ ਚੜ੍ਹਿਆ ਓਸ ਨਕਾਰੇ ਤੋਂ।

ਹੁਸਨ ਤੇਰੇ ਦਾ ਸੇਕ ਮੇਰਾ ਦਿਲ ਚਾਹੁੰਦਾ ਹੈ,
ਮੈਨੂੰ ਕਰ ਨਾ ਦੂਰ ਤੂੰ ਇਸ ਅੰਗਿਆਰੇ ਤੋਂ।

ਜਿਸ ਨੇ ਚੰਦ ਮੇਰੇ ਦਾ ਟਿੱਕਾ ਘੜਿਆ ਹੈ,
ਸਦਕੇ ਜਾਵੇ ਮੇਰਾ ਦਿਲ ਸੁਨਿਆਰੇ ਤੋਂ।

ਹਰ ਤਿਤਲੀ ਸ਼ਰਮਾਵੇ ਤੈਨੂੰ ਤਕ ਤਕ ਕੇ,
ਫੁੱਲ ਖਿੜ ਪੈਂਦੇ ਤੇਰੇ ਇਕ ਝਲਕਾਰੇ ਤੋਂ।

'ਸੱਗੂ' ਕੋਈ ਮੰਨੇ ਚਾਹੇ ਨਾ ਮੰਨੇ,
ਮਹਿਲਾਂ ਨੂੰ ਡਰ ਲਗਦੈ ਸਾਡੇ ਢਾਰੇ ਤੋਂ।

# ਮਾਯੂਸੀ

ਮਾਯੂਸੀ ਹਰ ਸ਼ੈਅ ’ਤੇ ਹੈ ਸਭ ਚਿਹਰੇ ਡਾਵਾਂ ਡੋਲ ਜਿਹੇ।
ਇਉਂ ਲਗਦੈ ਹੁਣ ਸ਼ਹਿਰ ਮਿਰੇ ਵਿਚ ਮੌਤ ਛੁਪੀ ਹੈ ਕੋਲ ਜਿਹੇ।

ਚੌਰਸ ਸੋਚ ਰਿਹਾ ਏਂ, ਗੱਲਾਂ ਕਰਦਾ ਏਂ ਤਿਰਕੋਣਾਂ ਵਿਚ,
ਪਕੜ ਮਿਰੀ ਦੇ ਵਿਚ ਆਉਂਦੇ ਨਾ ਅਰਥ ਇਨ੍ਹਾਂ ਦੇ ਗੋਲ ਜਿਹੇ।

ਸੱਚੇ ਨੂੰ ਹੀ ਸੂਲੀ ਮਿਲਦੀ ਝੂਠਾ ਖੁੱਲ੍ਹਾ ਫਿਰਦਾ ਹੈ,
ਹੁਣ ਕਾਨੂੰਨੀ ਤੱਕੜ ਨੂੰ ਵੀ ਲਗਦੈ ਪੈਂਦੇ ਝੋਲ ਜਿਹੇ।

ਹਾਲੇ ਵੀ ਤੂੰ ਮੈਨੂੰ ਗੱਲਾਂ ਵਿਚ ਉਲਝਾਉਣੋਂ ਹਟਿਆ ਨਾ,
ਹੁਣ ਵੀ ਲਾਰੇ ਲਾਈ ਜਾਵੇਂ ਮਾਰੀ ਜਾਵੇਂ ਰੋਲ ਜਿਹੇ।

ਇਉਂ ਲਗਦੈ ਅਪਣੇ ਵਿਚ ਜੀਵਨ ਵਰਗੀ ਕੋਈ ਚੀਜ਼ ਨਹੀਂ,
ਸੜਕਾਂ ਉੱਤੇ ਤੁਰਦੇ ਫਿਰਦੇ ਆਪਾਂ ਹਾਂ ਬਸ ਖੋਲ ਜਿਹੇ।

ਇਸ਼ਕ ਬੜਾ ਔਖਾ ਹੈ ਅਪਣੇ ਦਿਲ ਪਿੱਛੇ ਨਾ ਲੱਗੀ ਤੂੰ,
ਪਛਤਾਏਂਗਾ ਜੀਵਨ ਭਰ ਨਾ ਫਸ ਜਾਈਂ ਅਨਭੋਲ ਜਿਹੇ।

ਆ ਜਾਂਦੇ ਹਨ ਮੱਲੋ ਮੱਲੀ ਹੰਝੂ ਮੇਰੀਆਂ ਅੱਖਾਂ ਵਿਚ,
‘ਸੱਗੂ’ ਯਾਦ ਕਿਸੇ ਨੂੰ ਕਰਕੇ ਦਿਲ ਨੂੰ ਪੈਂਦੇ ਡੋਲ ਜਿਹੇ।

# ਰਿਹਾ ਮਨ

ਰਿਹਾ ਮਨ ਦੀ ਕਿਸੇ ਨੁਕਰ ’ਚ ਭਾਵੇਂ ਭਾਰ ਗ਼ੈਰਾਂ ਦਾ।
ਅਸੀਂ ਕਰਦੇ ਰਹੇ ਹਾਂ ਫੇਰ ਵੀ ਇਤਬਾਰ ਗ਼ੈਰਾਂ ਦਾ।

ਚੁਫ਼ੇਰਾ ਹੈ ਮੇਰਾ ਦੁਸ਼ਮਣ ਘੜੇ ਸਾਜ਼ਿਸ਼ ਨਵੀਂ ਨਿੱਤ ਹੀ,
ਹਵਾ ਵੀ ਜਾਪਦੀ ਮੈਨੂੰ ਕਰੇ ਪਰਚਾਰ ਗ਼ੈਰਾਂ ਦਾ।

ਮੈਂ ਹਰ ਮੁਸ਼ਕਿਲ ਤੇ ਆਫ਼ਤ ਦਾ ਸਦਾ ਸਤਿਕਾਰ ਕਰਦਾ ਹਾਂ,
ਹਮੇਸ਼ਾਂ ਮੁਸਕਰਾ ਕੇ ਸਹਿਨ ਕਰਦਾ ਵਾਰ ਗ਼ੈਰਾਂ ਦਾ।

ਅਸਾਡੇ ਵਾਸਤੇ ਗ਼ਮ ਤੇ ਖ਼ੁਸ਼ੀ ਦਾ ਅਰਥ ਇੱਕੋ ਹੈ,
ਅਸਾਂ ਤਾਂ ਸਿੱਖਿਆ ਕਰਨਾ ਸਦਾ ਸਤਿਕਾਰ ਗ਼ੈਰਾਂ ਦਾਂ।

ਮਿਰੇ ਰਸਤੇ ਨਵੇਂ, ਮੰਜ਼ਿਲ ਹੈ ਮੇਰੀ ਕਹਿਕਸ਼ਾਂ ਤੀਕਰ,
ਸਫ਼ਰ ਦੇ ਵਾਸਤੇ ਮੈਂ ਲੋੜਦਾ ਹਾਂ ਪਿਆਰ ਗ਼ੈਰਾਂ ਦਾ।

ਬੜਾ ਕੁਝ ਢਹਿ ਗਿਆ ਅੰਦਰ, ਮੈਂ ਖੰਡਰ ਹਾਂ ਜਿਨ੍ਹਾਂ ਕਰਕੇ,
ਮੈਂ ਫਿਰ ਵੀ ਲੋਚਦਾਂ ਵਸਦਾ ਰਹੇ, ਸੰਸਾਰ ਗ਼ੈਰਾਂ ਦਾ।

ਅਸਾਡਾ ਨਾਮ ਉਹਨਾਂ ਦੇ ਸਦਾ ਬੁੱਲ੍ਹਾਂ ’ਤੇ ਰਹਿੰਦਾ ਹੈ,
ਤੂੰ ‘ਸੱਗੂ’ ਭੰਡਦਾ ਰਹਿੰਦਾ ਏਂ ਕਿਉਂ ਕਿਰਦਾਰ ਗ਼ੈਰਾਂ ਦਾ।

## ਬੜਾ ਹੀ

ਬੜਾ ਹੀ ਕਸ਼ਮਕਸ਼ ਭਰਪੂਰ ਜੀਵਨ ਦਾ ਸਫ਼ਰ ਦੇਖਾਂ।
ਕਦਮ ਉਠਦੇ ਨਹੀਂ ਮੇਰੇ ਮੈਂ ਕੀ ਹੁਣ ਰਾਹ ਡਗਰ ਦੇਖਾਂ।

ਤਿਰੇ ਦੀਵਾਨਿਆਂ ਨੂੰ ਐ ਖ਼ੁਦਾ! ਮਿਲਦੀ ਰਹੇ ਸੂਲੀ,
ਇਨ੍ਹਾਂ ਨੂੰ ਦਰਦ ਮਿਲਦੇ ਰਹਿਣ ਮੈਂ ਬਣਿਆ ਜਿਗਰ ਦੇਖਾਂ।

ਸਦਾ ਹੀ ਸਬਰ ਤੇ ਸੰਤੋਖ ਦੇਖਾਂ ਮੈਂ ਘਰਾਂ ਅੰਦਰ,
ਮੈਂ ਖਾ ਕੇ ਜ਼ਖ਼ਮ ਸੀਨੇ 'ਤੇ ਸਦਾ ਨੱਚਦੇ ਬਸ਼ਰ ਦੇਖਾਂ।

ਮਿਰੀ ਇਛਾ ਮੁਤਾਬਿਕ ਹੁਣ ਨਹੀਂ ਦਿਸਦਾ ਕੋਈ ਮੰਜ਼ਰ,
ਮੈਂ ਜੋ ਕੁਝ ਦੇਖਣਾ ਚਾਹੁੰਦਾਂ ਨਾ ਉਹ ਕਿਧਰੇ ਮਗਰ ਦੇਖਾਂ।

ਬੜਾ ਹੀ ਰੋਣ ਆਉਂਦਾ ਹੈ, ਤੇ ਦਿਲ ਵਿਚ ਚੀਸ ਉਠਦੀ ਹੈ,
ਲਹੂ ਰੰਗੇ ਜਦੋਂ ਮੈਂ ਪੰਛੀਆਂ ਦੇ ਰੋਜ਼ ਪਰ ਦੇਖਾਂ।

ਮੈਂ ਬਸ ਇਕ ਬੁੱਤ ਹੋ ਜਾਵਾਂ ਸਦਾ ਤਕਦਾ ਰਹਾਂ ਤੈਨੂੰ,
ਮਿਰਾ ਦਿਲ ਲੋਚਦੈ ਬਹਿ ਕੇ ਮੈਂ ਤੈਨੂੰ ਇਸ ਕਦਰ ਦੇਖਾਂ।

ਇਹ ਕੁਦਰਤ ਦਾ ਪਸਾਰਾ ਅਕਲ ਵਿਚ ਮੇਰੇ ਨਹੀਂ ਆਉਂਦਾ,
ਮੈਂ 'ਸੱਗੂ' ਦੇਖਦਾਂ ਦੁਨੀਆਂ ਜਦੋਂ, ਖ਼ੁਦ ਨੂੰ ਸਿਫ਼ਰ ਦੇਖਾਂ।

## ਝੱਲਿਆ ਹੈ

ਝੱਲਿਆ ਹੈ ਸਾਗਰਾਂ ਦੇ ਕਹਿਰ ਨੂੰ।
ਪਿਆਰ ਮੈਂ ਕੀਤਾ ਹੈ ਹਰ ਇਕ ਲਹਿਰ ਨੂੰ।

ਹੋ ਗਈ ਮੀਰਾ ਅਮਰ ਸੰਸਾਰ ’ਤੇ,
ਨਾਲ ਬੁੱਲ੍ਹਾਂ ਦੇ ਲਗਾ ਕੇ ਜ਼ਹਿਰ ਨੂੰ।

ਦਿਲਰੁਬਾ ਦੀ ਤਾਰ ਨੂੰ ਮੈਂ ਛੇੜਿਆ,
ਨੀਂਦ ਆ ਗਈ ਕੜਕਦੀ ਦੋਪਹਿਰ ਨੂੰ।

ਆਈ ਹੈ ਕਿੱਥੋਂ ਤੇ ਜਾਣੈਂ ਕਿਸ ਜਗ੍ਹਾ,
ਨਾ ਕਿਸੇ ਨੇ ਪੁੱਛਿਆ ਹੈ ਨਹਿਰ ਨੂੰ।

ਗੋਲੀਆਂ ਨੇ ਹਰ ਜਗ੍ਹਾ ਬਾਰੂਦ ਹੈ,
ਹੋ ਗਿਆ ਅਜ ਕਲ੍ਹ ਕੀ ਮੇਰੇ ਸ਼ਹਿਰ ਨੂੰ।

ਹਨ ਗ਼ਜ਼ਲ ਵਿਚ ਹੋਰ ਵੀ ਬਾਰੀਕੀਆਂ,
ਸਿੱਖਣਾ ਕਾਫ਼ੀ ਨਹੀਂ ਹੈ ਬਹਿਰ ਨੂੰ।

ਰੌਸ਼ਨੀ ਬਣ ਕੇ ਤੂੰ ‘ਸੱਗੂ’ ਬਿਖਰ ਜਾ,
ਜੋ ਮਿਟਾਉਣਾ ਲੋਚਦਾ ਏ ਗ਼ਹਿਰ ਨੂੰ।

# ਮੈਂ ਕਾਤਿਲ

ਮੈਂ ਕਾਤਿਲ ਆਪਣਾ ਹਾਂ, ਦੂਸਰਾ ਨਾ ਹੋਰ ਹੈ ਕੋਈ।
ਮਿਰੀ ਹੀ ਜ਼ਿੰਦਗੀ ਹੈ ਬੇਵਫ਼ਾ ਨਾ ਹੋਰ ਹੈ ਕੋਈ।

ਨਹੀਂ ਖ਼ੁਸ਼ਬੂ ਕਿਤੇ ਵੀ ਪਿਆਰ ਵਰਗੀ ਏਸ ਦੁਨੀਆਂ ਵਿਚ,
ਅਜੇਹਾ ਰੰਗ, ਏਦਾਂ ਦੀ ਹਿਨਾ ਨਾ ਹੋਰ ਹੈ ਕੋਈ।

ਵਤਨ ਅਪਣੇ ਦੀ ਮਿੱਟੀ ਭੁੱਲ ਜਾਵਾਂ ਹੋ ਨਹੀਂ ਸਕਦਾ,
ਨਾ ਇਸ ਤੋਂ ਗਾਲ਼ ਵੱਡੀ, ਬਦ-ਦੁਆ ਨਾ ਹੋਰ ਹੈ ਕੋਈ।

ਤਿਰਾ ਅੰਦਾਜ਼, ਤੇਰਾ ਰੂਪ, ਤੇਰਾ ਰੰਗ ਹੈ ਵੱਖਰਾ,
ਮਿਰੇ ਦਿਲਬਰ, ਤਿਰੇ ਵਰਗੀ ਅਦਾ ਨਾ ਹੋਰ ਹੈ ਕੋਈ।

ਜੇ ਤੂੰ ਵੀ ਛੱਡ ਗਿਆ ਤਾਂ ਫੇਰ ਜਾਵਾਂਗਾ ਮੈਂ ਕਿਸ ਥਾਂ 'ਤੇ,
ਤੇਰੀ ਉਲਫ਼ਤ ਬਿਨਾਂ ਹੁਣ ਆਸਰਾ ਨਾ ਹੋਰ ਹੈ ਕੋਈ।

ਉਹ ਰੋੜੀ ਕੁੱਟਦੈ ਸੜਕਾਂ 'ਤੇ ਹਲ ਵਾਹੁੰਦਾ ਹੈ ਖੇਤਾਂ ਵਿਚ,
ਮੈਂ ਏਹੋ ਜਾਣਿਆਂ 'ਸੱਗੂ' ਖ਼ੁਦਾ ਨਾ ਹੋਰ ਹੈ ਕੋਈ।

## ਅਸਾਡੇ ਸ਼ਹਿਰ

ਅਸਾਡੇ ਸ਼ਹਿਰ ਵਿਚ ਉਂਜ ਤਾਂ ਬੜਾ ਸਤਿਕਾਰ ਹੈ ਤੇਰਾ।
ਮਗਰ ਨਾ ਜਾਣਦਾ ਕੋਈ ਕਿ ਕੀ ਕਿਰਦਾਰ ਹੈ ਤੇਰਾ।

ਨਹੀਂ ਕੁਝ ਜਾਣਦਾ ਤੇਰਾ ਸਫ਼ਰ ਕਿੱਥੋਂ ਕੁ ਤੀਕਰ ਹੈ,
ਐ ਮੇਰੀ ਜ਼ਿੰਦਗੀ, ਭੋਰਾ ਨਹੀਂ ਇਤਬਾਰ ਹੈ ਤੇਰਾ।

ਬੜਾ ਸੀਮਤ ਹਾਂ, ਮੇਰੀ ਹੋਂਦ ਕਿਣਕੇ ਤੋਂ ਵੀ ਛੋਟੀ ਹੈ,
ਮਿਰੇ ਦਿਲ ਤੋਂ ਬ੍ਰਹਿਮੰਡ ਤੀਕ ਪਰ ਵਿਸਥਾਰ ਹੈ ਤੇਰਾ।

ਨਦੀ ਕੰਢੇ ਇਕੱਲਾ ਰੁੱਖ ਮੈਂ ਯਾਦਾਂ 'ਚ ਜਿਊਂਦਾ ਹਾਂ,
ਸਹਾਰਾ ਹੈ ਮਿਰਾ ਕੋਈ ਤਾਂ ਉਹ ਬਸ ਪਿਆਰ ਹੈ ਤੇਰਾ।

ਉਧਾਰੀ ਰੌਸ਼ਨੀ ਸੂਰਜ ਤੋਂ ਲੈਂਦਾ ਏ ਸਦਾ ਚੰਦਾ,
ਬੜੀ ਚਰਚਾ ਹੈ ਤੇਰੀ ਤੇ ਬੜਾ ਪਰਚਾਰ ਹੈ ਤੇਰਾ।

ਜਿਨ੍ਹਾਂ ਨੂੰ ਰੀਝ ਲਾ ਕੇ ਰੋਜ਼ ਤੂੰ ਸ਼ਿੰਗਾਰਦਾ ਰਹਿੰਨੈਂ,
ਹਕੀਕਤ ਵਿਚ ਬਦਨ ਤੇਰਾ ਤੇ ਨਾ ਘਰ-ਬਾਰ ਹੈ ਤੇਰਾ।

ਜਦੋਂ ਸੱਚ ਬੋਲਦੈ ਕੋਈ ਤਾਂ ਇਹ ਸੂਲੀ ਚੜ੍ਹਾਉਂਦਾ ਹੈ।
ਇਹ ਪੂਜਾ ਝੂਠ ਦੀ ਕਰਦੈ ਅਜਬ ਸੰਸਾਰ ਹੈ ਤੇਰਾ।

ਮਿਰੇ ਮਹਿਬੂਬ ਤੂੰ ਥੋੜ੍ਹਾ ਸੰਭਲ ਕੇ ਬਾਹਰ ਜਾਇਆ ਕਰ,
'ਭੂਪਿੰਦਰ' ਵਾਂਗ ਹੀ ਫੁੱਲਾਂ ਤੋਂ ਹੌਲਾ ਭਾਰ ਹੈ ਤੇਰਾ।

# ਹੈ ਕਿੰਨਾ

ਹੈ ਕਿੰਨਾ ਜ਼ੋਰ, ਪਰਖ਼ਣ ਦੇ ਤੇ ਭਟਕਣ ਦੇ ਹਵਾ ਅੰਦਰ।
ਜ਼ਰਾ ਸੋਚਾਂ ਦੇ ਪੰਛੀ ਨੂੰ ਤੂੰ ਉਡਣੇ ਦੇ ਖ਼ਲਾ ਅੰਦਰ।

ਕਰਾਂ ਕਿਉਂ ਕਤਲ ਫੁੱਲਾਂ ਦਾ ਇਕੱਤਰ ਕਿਉਂ ਕਰਾਂ ਕਲੀਆਂ,
ਕਿਸੇ ਪੱਥਰ ਨੂੰ ਕਿਉਂ ਪੂਜਾਂ, ਖ਼ੁਦਾ ਸਮਝਾਂ ਦਬਾ ਅੰਦਰ।

ਰਵੀ ਦੀ ਰੌਸ਼ਨੀ ਦਾ ਆਪਣਾ ਹੀ ਲੁਤਫ਼ ਹੁੰਦਾ ਹੈ,
ਮਗਰ ਚਾਅ ਵੀ ਛੁਪੇ ਹੁੰਦੇ ਨੇ ਲੋਕਾਂ ਦੇ ਘਟਾ ਅੰਦਰ।

ਇਵੇਂ ਲਗਦਾ ਹੈ ਕਿ ਅੱਖਾਂ 'ਚ ਸਾਗਰ ਸਾਂਭਿਆ ਹੋਇਐ,
ਹਰਿਕ ਬੰਦਾ ਲਈ ਫਿਰਦਾ ਹੈ ਕੋਈ ਜ਼ਲਜ਼ਲਾ ਅੰਦਰ।

ਤੂੰ ਸੁੱਕੇ ਟੋਭਿਆਂ 'ਚੋਂ ਲੱਭਦਾ ਫਿਰਦਾ ਏਂ ਕਿਉਂ ਪਾਣੀ,
ਵਫ਼ਾ ਨੂੰ ਭਾਲਦਾ ਫਿਰਦਾ ਏਂ ਕਿਉਂ ਇਕ ਬੇਵਫ਼ਾ ਅੰਦਰ।

ਤੂੰ ਮੇਰੇ ਨਾਲ ਜੋ ਕੀਤਾ ਹੈ ਕਰਨਾ ਜ਼ਿਕਰ ਛੱਡ ਦਿੱਤੈ,
ਭੁਲਾ ਦਿੱਤਾ ਹੈ ਹੁਣ ਸਭ ਕੁਝ ਜੋ ਹੋਇਆ ਜਰ ਲਿਆ ਅੰਦਰ।

ਇਹ ਮਹਿਫ਼ਿਲ ਹੈ ਫ਼ਕੀਰਾਂ ਦੀ, ਨਹੀਂ 'ਸੱਗੂ' ਇਹ ਘਰ ਤੇਰਾ,
ਤੂੰ 'ਮੈਂ, ਮੈਂ' ਛੱਡਿਆ ਬਾਹਰ ਕਿਤੇ ਤੇ ਫੇਰ ਆ ਅੰਦਰ।

# ਤੇਰੀ ਕੀਤੀ ਇਬਾਦਤ

ਤਿਰੀ ਕੀਤੀ ਇਬਾਦਤ ਹੀ ਇਬਾਦਤ ਹੈ।
ਮਿਰੇ ਦਿਲ ਵਿਚ ਮੁਹੱਬਤ ਹੀ ਮੁਹੱਬਤ ਹੈ।

ਕਿਤੇ ਵੀ ਪਿਆਰ ਦਾ ਸੂਰਜ ਨਹੀਂ ਦਿਸਦਾ,
ਗਰਾਂ ਵਿਚ ਹੁਣ ਜਹਾਲਤ ਹੀ ਜਹਾਲਤ ਹੈ।

ਤੂੰ ਕੁਦਰਤ ਦੇ ਨਜ਼ਾਰੇ ਦੇਖਦਾ ਏਂ ਜੋ,
ਇਨ੍ਹਾਂ ਅੰਦਰ ਲਿਆਕਤ ਹੀ ਲਿਆਕਤ ਹੈ।

ਮੈਂ ਤੈਨੂੰ ਆਪਣੇ ਦਿਲ ਵਿਚ ਵਸਾ ਰੱਖਿਆ,
ਤਿਰੀ ਏਥੇ ਹਿਫ਼ਾਜ਼ਤ ਹੀ ਹਿਫ਼ਾਜ਼ਤ ਹੈ।

ਹਰਿਕ ਕੰਡੇ 'ਚ ਮੈਂ-ਮੈਂ ਹੈ ਫਸੀ ਹੋਈ,
ਕਲੀ ਅੰਦਰ ਨਜ਼ਾਕਤ ਹੀ ਨਜ਼ਾਕਤ ਹੈ।

ਨਜ਼ਰ ਹੀ ਫੇਰ ਰੱਖੀ ਹੈ ਹਰ ਪੈਗ਼ੰਬਰ ਨੇ,
ਸ਼ੈਤਾਨੀ ਮੂੰਹ 'ਤੇ ਪਰ ਭਾਰਤ ਹੀ ਭਾਰਤ ਹੈ।

ਤੂੰ 'ਸੱਗੂ' ਕਰ ਨਹੀਂ ਸਕਿਆ ਅਜੇ ਕੁਝ ਵੀ,
ਇਧਰ-ਓਧਰ ਵਿਰਾਸਤ ਹੀ ਵਿਰਾਸਤ ਹੈ।

## ਅੰਬਰ

ਅੰਬਰ ਦੇ ਵਿਚ ਉੱਡਣੇ ਦਾ ਵੀ ਸੁਪਨਾ ਪੂਰਾ ਕਰਨਾ ਹੈ।
ਹਾਲੇ ਮੈਂ ਮਾਰੂਥਲ ਗਾਹੁਣਾ, ਪਹਿਲਾਂ ਸਾਗਰ ਤਰਨਾ ਹੈ।

ਐ ਦਿਲ ਰਾਹ ਵਿਚ ਪਰਬਤ ਨਦੀਆਂ ਆਉਂਣੇ ਹਨ ਤੂਫ਼ਾਨ ਬੜੇ,
ਤੂੰ ਹੁਣ ਫਿਰ ਅੰਗਿਆਰਾਂ ’ਤੇ ਤੁਰਨੇ ਦਾ ਜੇਰਾ ਕਰਨਾ ਹੈ।

ਨ੍ਹੇਰੇ ਦੇ ਵਿਚ ਉਮਰ ਬਿਤਾਈ, ਨ੍ਹੇਰੇ ਦੇ ਵਿਚ ਮਰ ਗਏ ਆਂ,
ਕਿਸ ਨੇ ਮੇਰੀ ਕਬਰ ਦੇ ਉੱਤੇ ਆ ਕੇ ਦੀਵਾ ਧਰਨਾ ਹੈ।

ਵਅਦਾ ਕਰਕੇ ਤੁਰ ਜਾਂਦੇ ਹੋ ਇਸ ਦਾ ਸਾਨੂੰ ਕੀ ਫ਼ਾਇਦਾ,
ਝੂਠੇ ਖ਼ਾਬ ਦਿਖਾਉਨੈਂ, ਇਹਨਾਂ ਨਾਲ ਨਹੀਂ ਢਿੱਡ ਭਰਨਾ ਹੈ।

ਮਾਰੇਗਾ ਸੱਟ ਜਦ ਤੂੰ ਉਸ ਵਿੱਚੋਂ ਚੰਗਿਆੜੇ ਨਿਕਲਣਗੇ,
ਤੇਰੀ ਅੱਤ ਨੂੰ ਲੋਕਾਂ ਆਖ਼ਿਰ ਕਿੰਨੇ ਚਿਰ ਤਕ ਜਰਨਾ ਹੈ।

ਸਿਰ ਦੇਣਾ ਪੈਂਦਾ ਹੈ ਇਸ ਵਿਚ ਉਂਜ ਮੁਹੱਬਤ ਮਿਲਦੀ ਨਈਂ,
ਮਾਰੂਥਲ ਵਿਚ ਸੜਨਾ, ਪੈਂਦਾ ਕੱਚੇ ਉੱਤੇ ਤਰਨਾ ਹੈ।

ਹਾਰ ਗਿਆ ਜੇ ‘ਸੱਗੂ’ ਏਨੀ ਮਾਯੂਸੀ ਕਿਉਂ ਤੇਰੇ ’ਤੇ,
ਜੇ ਜਿੱਤਣ ਦੀ ਇਛਾ ਹੋਵੇ, ਹੁੰਦਾ ਲਾਜ਼ਮ ਹਰਨਾ ਹੈ।

## ਨਾ ਮੁਕੰਮਲ

ਨਾ ਮੁਕੰਮਲ ਤੇ ਅਧੂਰੀ ਜ਼ਿੰਦਗੀ ਹੈ ਆਦਿ ਤੋਂ।
ਫੇਰ ਵੀ ਇਹ ਜੂਝਦੀ ਹੈ ਚੱਲਦੀ ਹੈ ਆਦਿ ਤੋਂ।

ਡੁੱਬਿਆ ਹੈ ਏਸ ਦੇ ਵਿਚ ਕੋਈ ਇਸ ਵਿਚ ਤਰ ਗਿਆ,
ਅਸਲ ਦੇ ਵਿਚ ਵਕਤ ਵੀ ਡੂੰਘੀ ਨਦੀ ਹੈ ਆਦਿ ਤੋਂ।

ਹਰ ਜਗ੍ਹਾ ਹੈ ਰੌਣਕਾਂ ਭਰਪੂਰ ਬੇਸ਼ਕ ਏਸ ਦੀ,
ਧਰਤ ਉੱਤੇ ਫੇਰ ਵੀ ਬੇਗਾਨਗੀ ਹੈ ਆਦਿ ਤੋਂ।

ਝੱਖੜਾਂ ਦੇ ਨਾਲ ਸਾਡਾ ਵਾਸਤਾ ਮੁੱਢ ਤੋਂ ਰਿਹੈ,
ਪਰਬਤਾਂ ਦੇ ਨਾਲ ਸਾਡੀ ਦੋਸਤੀ ਹੈ ਆਦਿ ਤੋਂ।

ਸੂਰਜਾਂ ਜਾਂ ਦੀਵਿਆਂ ਜਾਂ ਜੁਗਨੂੰਆਂ ਦੇ ਰੂਪ ਵਿਚ,
ਨ੍ਹੇਰਿਆਂ ਦੇ ਨਾਲ ਲੜਦੀ ਰੌਸ਼ਨੀ ਹੈ ਆਦਿ ਤੋਂ।

ਆਦਮੀ 'ਸੱਗੂ' ਰਿਹਾ ਢਹਿੰਦਾ, ਮੈਂ ਮੰਨਦਾ ਹਾਂ, ਮਗਰ,
ਫੇਰ ਉਸਰਨ ਦੀ ਰਹੀ ਦੀਵਾਨਗੀ ਹੈ ਆਦਿ ਤੋਂ।

## ਦਿਨ ਦੇ ਸਮੇਂ

ਦਿਨ ਸਮੇਂ ਹੀ ਹਰ ਤਰਫ਼ ਅੰਧਕਾਰ ਹੋਇਆ ਕਿਸ ਤਰ੍ਹਾਂ।
ਹਰ ਬਸ਼ਰ ਇਸ ਸ਼ਹਿਰ ਦਾ ਬੀਮਾਰ ਹੋਇਆ ਕਿਸ ਤਰ੍ਹਾਂ।

ਲਾਚਾਰੀਆਂ ਦੇ ਰੂ-ਬ-ਰੂ ਮੇਰੇ ਕਦਮ ਹੋਏ ਨੇ ਕਿਉਂ?
ਸੋਚਦਾਂ, ਜੀਵਨ ਮਿਰਾ ਦੁਸ਼ਵਾਰ ਹੋਇਆ ਕਿਸ ਤਰ੍ਹਾਂ।

ਦਿਲ ਚੁਰਾ ਕੇ ਲੈ ਗਿਆ ਮੇਰਾ ਤੇ ਨਾ ਜੋ ਪਰਤਿਆ,
ਖ਼ਾਬ ਦੇ ਵਿਚ ਓਸ ਦਾ ਦੀਦਾਰ ਹੋਇਆ ਕਿਸ ਤਰ੍ਹਾਂ।

ਉਹ ਕਲੀ ਮੇਰੀ ਤਰਫ਼ ਕਿੱਦਾਂ ਆਕਰਸ਼ਤ ਹੋ ਗਈ,
ਫੇਰ ਮੇਰੀ ਹੋਂਦ ਦਾ ਵਿਸਥਾਰ ਹੋਇਆ ਕਿਸ ਤਰ੍ਹਾਂ।

ਹੱਥ ਲਗਾਇਆ ਕਿਸ ਨੇ ਜ਼ਿੰਦਾ ਹੋ ਗਿਆ ਮੈਂ ਫੇਰ ਤੋਂ,
ਮੇਰਿਆਂ ਸਾਹਾਂ ਦਾ ਫਿਰ ਸੰਚਾਰ ਹੋਇਆ ਕਿਸ ਤਰ੍ਹਾਂ।

ਜ਼ਿੰਦਗੀ ਦੇ ਮੰਚ 'ਤੇ ਜਿਸ ਨਾਲ ਮੇਰੀ ਸਾਂਝ ਸੀ,
'ਸੱਗੂ' ਹੁਣ ਉਹ ਅਜਨਬੀ ਕਿਰਦਾਰ ਹੋਇਆ ਕਿਸ ਤਰ੍ਹਾਂ।

## ਜੇ ਲੋਕੀਂ

ਜੇ ਲੋਕੀਂ ਆਖਦੇ ਨੇ ਤਾਂ ਉਨ੍ਹਾਂ ਨੂੰ ਕਹਿਣ ਦੇ ਕਾਫ਼ਿਰ।
ਪਰ੍ਹੇ ਰੱਖ ਆਪਣੀ ਜੰਨਤ, ਤੂੰ ਮੈਨੂੰ ਰਹਿਣ ਦੇ ਕਾਫ਼ਿਰ।

ਥਲਾਂ ਵਿਚ ਸੜਨ ਦੇ ਤੇ ਰੁੜ੍ਹਨ ਦੇ ਸਾਗਰ ’ਚ ਇਹਨਾਂ ਨੂੰ,
ਨਹੀਂ ਮੁੜਨੇ, ਜੋ ਵਹਿੰਦੇ ਨੇ ਨਦੀ ਵਿਚ ਵਹਿਣ ਦੇ ਕਾਫ਼ਿਰ।

ਇਨ੍ਹਾਂ ਦਾ ਸਬਰ ਅਜ਼ਮਾਇਆ ਗਿਆ ਹੈ ਸੂਲੀਆਂ ਉੱਤੇ,
ਕਿ ਆਦੀ ਹੋ ਗਏ ਨੇ ਆਫ਼ਤਾਂ ਨੂੰ ਸਹਿਣ ਦੇ ਕਾਫ਼ਿਰ।

ਇਹ ਰਬ ਦੇ ਰੋਕਿਆਂ ਵੀ ਆਪਣੀ ਜ਼ਿਦ ਛਡ ਨਹੀਂ ਸਕਦੇ,
ਇਨ੍ਹਾਂ ਦੇ ਨਾਲ ਚਰਚਾ ਕਰ ਨਾ, ਮਗਰੋਂ ਲਹਿਣ ਦੇ ਕਾਫ਼ਿਰ।

ਕਹੀ ਜਾਨੈਂ ਤੂੰ ਇਹ ਧਰਤੀ, ਖ਼ੁਦਾ ਦੇ ਬੰਦਿਆਂ ਦੀ ਹੈ,
ਕਿਸੇ ਧਰਤੀ ਦੇ ਹਿਸੇ ’ਤੇ ਤੂੰ ਵਸਦੇ ਰਹਿਣ ਦੇ ਕਾਫ਼ਿਰ।

ਅਕੀਦਤ ਦੇ ਚਿਰਾਗ਼ਾਂ ਨੇ ਜਲਾ ਦਿਤੀ ਹੈ ਇਹ ਬਸਤੀ,
ਬਚਾ ਕਰਨੈ ਜੇ ‘ਸੱਗੂ’ ਅੱਗ ਦੇ ਵਿਚ ਡਹਿਣ ਦੇ ਕਾਫ਼ਿਰ।

## ਸਚਾਈ ਹੈ

ਸਚਾਈ ਹੈ ਨਹੀਂ ਕਿਧਰੇ, ਹੈ ਹਰ ਇਕ ਚੀਜ਼ ’ਤੇ ਪਰਦਾ।
ਜ਼ਮਾਨਾ ਇਸ ਤਰ੍ਹਾਂ ਦਾ ਹੈ, ਮੁਹੱਬਤ ਤੋਂ ਵੀ ਦਿਲ ਡਰਦਾ।

ਕਦਮ ਪੁਟਦਾਂ ਕਿਸੇ ਪਾਸੇ ਦਿਸ਼ਾ ਤੈਅ ਹੋਰ ਕਰਦੇ ਨੇ,
ਦਿਖਾਓ ਰਾਹ ਕੁਈ ਮੈਨੂੰ ਮੈਂ ਰਸਤਾ ਭੁੱਲ ਗਿਆ ਘਰ ਦਾ।

ਗ਼ੁਲਾਮੀ ਸਹਿ ਨਹੀਂ ਸਕਦਾ ਮੈਂ ਆਵਾਰਾ ਪਰਿੰਦਾ ਹਾਂ,
ਮੈਂ ਧਰਤੀ ਦੇਖ ਲਈ ਸਾਰੀ ਤੇ ਥਾਹ ਪਾਉਣਾ ਹੈ ਅੰਬਰ ਦਾ।

ਫ਼ਲਕ ’ਚੋਂ ਟੁੱਟ ਕੇ ਤਾਰਾ ਭਟਕਦਾ ਹੈ ਖ਼ਲਾਅ ਅੰਦਰ,
ਜੋ ਟੁੱਟੇ ਮੂਲ ਨਾਲੋਂ ਆਦਮੀ ਹੁੰਦਾ ਹੈ ਪੱਥਰ ਦਾ।

ਨਦੀ ਦੇ ਵੇਗ ਤਕ ਕੇ ਹੀ ਘਰਾਂ ਨੂੰ ਦੌੜ ਚੱਲੇ ਹੋ,
ਅਜੇ ਨਾ ਦੇਖਿਆ ਤੇਵਰ ਤੁਸੀਂ ਬਿਫ਼ਰੇ ਸਮੁੰਦਰ ਦਾ।

ਚੁਣਾਵੀ ਦੌਰ ਵਿਚ ਮਜ਼ਹਬ ਦੀ ਫਿਰ ਤੋਂ ਯਾਦ ਆਈ ਹੈ,
ਤੁਹਾਨੂੰ ਫੇਰ ਚੇਤਾ ਆ ਗਿਆ ਹੈ ਰਾਮ ਮੰਦਰ ਦਾ।

ਨਜ਼ਰ ਅਪਣੀ ਜਮਾ ਕੇ ਬਹਿ ਗਏ ਹੋ ਪਰਦਿਆਂ ਉੱਤੇ,
ਤੁਸੀਂ ‘ਸੱਗੂ’ ਕਦੇ ਨਾ ਜਾਣ ਸਕਦੇ ਦਰਦ ਅੰਦਰ ਦਾ।

## ਐ ਖ਼ੁਦਾ

ਐ ਖ਼ੁਦਾ! ਮੇਰੀ ਹਯਾਤੀ ਨੂੰ ਗ਼ਜ਼ਲ ਦਾ ਦਾਨ ਦੇ।
ਮੇਰਿਆਂ ਸ਼ਿਅਰਾਂ ਨੂੰ ਦੇ ਨਾ ਦਰਦ, ਤੂੰ ਮੁਸਕਾਨ ਦੇ।

ਜ਼ਿੰਦਗੀ ਦਾ ਹਰ ਲਮ੍ਹਾ ਗੁਜ਼ਰੇ ਕਿਸੇ ਦੀ ਗੋਦ ਵਿਚ,
ਐ ਜ਼ਮਾਨੇ, ਤੂੰ ਵੀ ਮੇਰੇ ਪਿਆਰ ਨੂੰ ਸਨਮਾਨ ਦੇ।

ਸੱਚ ਮੂੰਹੋਂ ਕਹਿਣ ਦੀ ਤੌਫ਼ੀਕ ਦੇ ਮੇਰੇ ਖ਼ੁਦਾ,
ਕਰ ਸਕਾਂ ਬੇਪਰਦ ਝੂਠੇ ਲੋਕ ਸੱਚ ਦਾ ਦਾਨ ਦੇ।

ਏਸ ਦੁਨੀਆਂ ਵਿਚ ਦਿਸੇ ਨਾ ਕੋਈ ਵੀ ਚਿਹਰਾ ਉਦਾਸ,
ਜਾਗ ਪੈ ਮੇਰੇ ਦਿਲਾ ਤੂੰ, ਖੰਡਰਾਂ ਨੂੰ ਸ਼ਾਨ ਦੇ।

ਪਿਆਰ ਦਾ ਦੀਪਕ ਬੁਝੇ ਨਾ, ਖ਼ੂਨ ਪਾ ਦੇ ਅਪਣਾ,
ਜਾਨ ਵੀ ਜਾਂਦੀ ਹੈ ਜੇਕਰ, ਡਰ ਨਾ, ਅਪਣੀ ਜਾਨ ਦੇ।

ਗਾ ਰਹੀ ਕੁਦਰਤ, ਹਵਾ ਨੇ ਛੇੜਿਆ ਸੰਗੀਤ ਹੈ,
ਸੁਰ ਮਿਲਾ ਸੁਰ ਵਿਚ ਇਨ੍ਹਾਂ ਦੇ, ਆਪਣੀ ਤੂੰ ਤਾਨ ਦੇ।

ਸਿਰ ਕਲਮ ਕਰਨੇ ਨੂੰ ਤੇਰਾ ਆਏ ਨੇ ਮਿੱਤਰ ਤੇਰੇ,
ਨਾਂਹ ਨਾ ਕਰ ਦੇਵੀਂ 'ਭੂਪਿੰਦਰ' ਅਪਣਾ ਇਮਤਿਹਾਨ ਦੇ।

## ਖ਼ੂਨ ’ਚ

ਖ਼ੂਨ ’ਚ ਭਿੱਜੀਆਂ ਵਗਣ ਹਵਾਵਾਂ, ਇਹ ਮੌਸਮ ਤਲਵਾਰਾਂ ਦਾ ਹੈ।
ਕਿੱਦਾਂ ਅਪਣਾ ਆਪ ਬਚਾਵਾਂ, ਇਹ ਮੌਸਮ ਤਲਵਾਰਾਂ ਦਾ ਹੈ।

ਚਿਹਰੇ ਉੱਤੋਂ ਉੱਡੇ ਹਾਸੇ ਬਾਲ ਨਿਆਣੇ ਰੋਣ ਉਦਾਸੇ,
ਘਟ ਰਹੀਆਂ ਨੇ ਦੁਰ-ਘਟਨਾਵਾਂ, ਇਹ ਮੌਸਮ ਤਲਵਾਰਾਂ ਦਾ ਹੈ।

ਕਿੱਦਾਂ ਅਪਣੀ ਜਾਨ ਬਚਾਈਏ, ਘਰ ਛਡ ਕੇ ਕਿੱਥੇ ਟੁਰ ਜਾਈਏ,
ਚਾਰੇ ਪਾਸੇ ਫਿਰਨ ਬਲਾਵਾਂ, ਇਹ ਮੌਸਮ ਤਲਵਾਰਾਂ ਦਾ ਹੈ।

ਪਿੰਡਾਂ-ਸ਼ਹਿਰਾਂ ਵਿੱਚੋਂ ਲੋਕੀਂ ਸਿਵਿਆਂ ਵਲ ਨੂੰ ਭੱਜੇ ਜਾਂਦੇ,
ਹੋ ਰਹੀਆਂ ਨੇ ਖ਼ਾਲੀ ਥਾਂਵਾਂ, ਇਹ ਮੌਸਮ ਤਲਵਾਰਾਂ ਦਾ ਹੈ।

ਏਦਾਂ ਦਾ ਮੌਸਮ ਹੈ ਆਇਆ, ਸੂਹੇ ਚਿਹਰੇ ਚਿੱਟੇ ਹੋਏ,
ਕਿੱਦਾਂ ਕੌੜਾ ਸੱਚ ਸੁਣਾਵਾਂ, ਇਹ ਮੌਸਮ ਤਲਵਾਰਾਂ ਦਾ ਹੈ।

‘ਸੱਗੂ’ ਬਚ ਜੇ ਬਚ ਹੁੰਦਾ ਹੈ, ਦਹਿਸ਼ਤ ਫਿਰਦੀ ਆਸੇ ਪਾਸੇ,
ਮੈਂ ਆਵਾਜ਼ਾਂ ਮਾਰ ਬੁਲਾਵਾਂ, ਇਹ ਮੌਸਮ ਤਲਵਾਰਾਂ ਦਾ ਹੈ।

## ਇਵੇਂ ਲਗਦੈ

ਇਵੇਂ ਲਗਦੈ ਜਿਵੇਂ ਹੁੰਦੈ ਕਿਸੇ ਲਾਚਾਰ ਦਾ ਚਿਹਰਾ।
ਜਦੋਂ ਤੱਕਾਂ ਚੁਰਾਸੀ ਦੇ ਬਚੇ ਦੁਖਿਆਰ ਦਾ ਚਿਹਰਾ।

ਤੁਸੀਂ ਪਹਿਲਾਂ ਜਲਾਉਂਦੇ ਹੋ ਤੇ ਫਿਰ ਇਨਸਾਫ਼ ਨਹੀਂ ਦਿੰਦੇ,
ਤੁਹਾਨੂੰ ਕਿਉਂ ਨਹੀਂ ਭਾਉਂਦਾ ਕਿਸੇ ਸਰਦਾਰ ਦਾ ਚਿਹਰਾ।

ਪਰਿੰਦੇ ਚਹਿਕਦੇ ਨੇ ਤੇ ਖਿੜੇ ਹਨ ਰੰਗ ਫੁੱਲਾਂ ਦੇ,
ਇਹ ਕੁਦਰਤ ਜਾਪਦੀ ਹੈ ਅਜ ਕਿਸੇ ਫ਼ਨਕਾਰ ਦਾ ਚਿਹਰਾ।

ਅਜੇ ਲੱਤਾਂ ਤੇ ਬਾਹਾਂ ਹੀ ਨਜ਼ਰ ਹਨ ਆਉਂਦੀਆਂ ਸਾਨੂੰ,
ਨਹੀਂ ਹਾਲੇ ਨਜ਼ਰ ਆਇਆ ਕਿਤੇ ਸਰਕਾਰ ਦਾ ਚਿਹਰਾ।

ਕਦੋਂ ਤਕ ਲੋਕ ਸਹਿੰਦੇ ਰਹਿਣਗੇ ਜਾਬਰ ਦੇ ਚਾਬਕ ਨੂੰ,
ਕਦੋਂ ਇਹ ਲੋਕ ਵੇਖਣਗੇ ਖਿੜੀ ਗੁਲਜ਼ਾਰ ਦਾ ਚਿਹਰਾ।

ਜੋ ਰਾਹੀ ਲੁੱਟ ਕੇ ਵੀ ਖ਼ੁਦ ਨੂੰ ਇਕ ਰਹਿਬਰ ਕਹਾਉਂਦਾ ਹੈ,
ਕਰਾਓ ਯਾਦ ਨਾ ਹੁਣ ਫੇਰ ਉਸ ਗ਼ੱਦਾਰ ਦਾ ਚਿਹਰਾ।

ਮੈਂ ਭਾਂਬੜ ਵੇਖਦਾਂ ਨਫ਼ਰਤ ਦੇ ਬਲਦੇ ਹਰ ਚੁਰਸਤੇ ਵਿਚ,
ਨਜ਼ਰ ਆਉਂਦਾ ਨਹੀਂ ਕਿਧਰੇ ਵੀ ਮੈਨੂੰ ਪਿਆਰ ਦਾ ਚਿਹਰਾ।

ਬੜੇ ਸੁੰਦਰ ਨੇ ਚਿਹਰੇ ਹੋਰ ਵੀ ਦੁਨੀਆਂ ’ਤੇ ਐ ‘ਸੱਗੂ’
ਮਗਰ ਸਭਨਾਂ ਤੋਂ ਸੁੰਦਰ ਹੈ ਮਿਰੇ ਦਿਲਦਾਰ ਦਾ ਚਿਹਰਾ।

# ਮੇਰਾ ਦਿਲ

ਮੇਰਾ ਦਿਲ ਵੀ ਦਿਲ ਹੈ ਆਖ਼ਿਰ ਪੱਥਰ ਦੀ ਦੀਵਾਰ ਨਹੀਂ।
ਐ ਮਗ਼ਰੂਰ ਜਵਾਨੀ ਹਾਲੇ, ਤੈਨੂੰ ਇਸ ਦੀ ਸਾਰ ਨਹੀਂ।

ਮੈਂ ਕੀ ਕਰਨਾ ਸ਼ਹਿਰ ਤਿਰੇ ਨੂੰ ਜਿੱਥੇ ਨਫ਼ਰਤ ਵਿਕਦੀ ਹੈ,
ਕੀ ਕਰਨੀ ਉਹ ਦੁਨੀਆਂ ਜਿੱਥੇ ਉਲਫ਼ਤ ਦਾ ਸਤਿਕਾਰ ਨਹੀਂ।

ਹੁਸਨ ਕਰੇ ਚੇਤੇ ਤੇ ਉਸ ਨੂੰ ਯਾਦ ਜਵਾਨੀ ਆਉਂਦੀ ਹੈ,
ਏਸੇ ਕਾਰਨ ਸ਼ੀਸ਼ੇ ਮੂਹਰੇ ਕਰਦਾ ਉਹ ਸ਼ਿੰਗਾਰ ਨਹੀਂ।

ਤੇਰੀ ਮਰਜ਼ੀ ਹੈ, ਤੂੰ ਮੈਨੂੰ ਜੋ ਕੁਝ ਕਹਿੰਨੈਂ ਕਹਿੰਦਾ ਰਹਿ,
ਤੇਰੇ ਇਲਜ਼ਾਮਾਂ ਨੂੰ ਦੇਣਾ ਮੈਂ ਕੋਈ ਵਿਸਥਾਰ ਨਹੀਂ।

ਰਹਿ ਜਾਵੇਂਗਾ ਪਿੱਛੇ, ਰੋਵੇਂਗਾ ਤੂੰ ਫਿਰ ਪਛਤਾਏਂਗਾ,
ਜੇ ਭਰ ਕੇ ਪਰਵਾਜ਼ ਵਧਾਉਂਣੀ ਤੂੰ ਅਪਣੀ ਰਫ਼ਤਾਰ ਨਹੀਂ।

ਉਹ ਆਵਣ ਦਾ ਵਾਅਦਾ ਕਰਕੇ ਮੁੜਿਆ ਹਾਲੇ ਤੀਕਰ ਨਾ,
'ਸੱਗੂ' ਨਾਲ ਤਾਂ ਹੋਈ ਉਸ ਦੀ ਕੋਈ ਵੀ ਤਕਰਾਰ ਨਹੀਂ।

## ਹਰ ਇਕ

ਹਰ ਇਕ ਰੁੱਤ ਫ਼ਰੇਬੀ ਹੋਈ ਮੌਸਮ ਵਿਚ ਮੱਕਾਰੀ ਹੈ।
ਜਿਸ ਦਿਨ ਤੋਂ ਮਹਿਕਾਂ ਨੇ ਕੀਤੀ ਪੌਣਾਂ ਦੀ ਅਸਵਾਰੀ ਹੈ।

ਫ਼ਿਰਕੂ ਵਸਤਰ ਪਾ ਮਜ਼ਹਬ ਦਾ ਢੌਂਗ ਰਚਾਂਦੈ ਦਿਨ ਵੇਲੇ,
ਰਾਤਾਂ ਵੇਲੇ ਸੰਨ੍ਹਾਂ ਲਾਉਂਦਾ, ਅੱਜ-ਕੱਲ੍ਹ ਦਾ ਵਿਭਚਾਰੀ ਹੈ।

ਲਾ ਸਕਦੈ ਅੰਬਰ ਨੂੰ ਟਾਕੀ, ਹਿੰਮਤ ਵਾਲਾ ਜੇ ਚਾਹੇ,
ਟਿਕਿਆ ਰਹਿ ਧਰਤੀ 'ਤੇ ਜੇਕਰ ਆਲਸ ਦੀ ਬੀਮਾਰੀ ਹੈ।

ਕਾਲੀ ਧੁੱਪ ਨੇ ਚੂਸ ਲਏ ਹਨ, ਰੰਗ ਅਸਾਡੇ ਫੁੱਲਾਂ ਦੇ,
ਤੂੰ ਜਿਊਂਣੇ ਦੀ ਪੁੱਛਦੈਂ, ਏਥੇ ਮਰਨੇ ਦੀ ਦੁਸ਼ਵਾਰੀ ਹੈ।

ਖ਼ੂਨ ਪਸੀਨੇ ਨਾਲ ਚਲਾਈਆਂ, ਕਲਮਾਂ ਹੀ ਦੁੱਖ ਜਾਣਦੀਆਂ,
ਉਹ ਜਾਣੇ ਕੀ ਦੁੱਖ ਅਸਾਡੇ, ਜੋ ਸ਼ਾਇਰ ਦਰਬਾਰੀ ਹੈ।

ਭੀੜ ਪਈ 'ਤੇ ਆ ਕੇ 'ਸੱਗੂ' ਜਿਸ ਨੇ ਸਾਥ ਨਿਭਾਇਆ ਨਾ,
ਕੀ ਕਰਨੈ ਉਸ ਮਿੱਤਰ ਨੂੰ, ਕੀ ਯਾਰੀ, ਉਸ ਦੀ ਯਾਰੀ ਹੈ।

# ਮਿਰਾ ਹਰ ਚਾਅ

ਮਿਰਾ ਹਰ ਚਾਅ, ਮਿਰਾ ਹਰ ਖ਼ਾਬ ਚਕਨਾਚੂਰ ਦਿਸਦਾ ਹੈ।
ਜੋ ਤੈਥੋਂ ਪਿਆਰ ਵਿਚ ਮਿਲਿਆ ਅਜੇ ਨਾਸੂਰ ਦਿਸਦਾ ਹੈ।

ਮੈਂ ਸਿਰ ਕਟਵਾ ਲਿਆ ਅਪਣਾ ਤੇ ਅਪਣੀ ਜਾਨ ਦੇ ਦਿੱਤੀ,
ਮਗਰ ਇਹ ਇਸ਼ਕ ਹਾਲੇ ਵੀ ਬੜੀ ਹੀ ਦੂਰ ਦਿਸਦਾ ਹੈ।

ਮੈਂ ਹਰ ਇਕ ਅੱਖ 'ਚ ਹੰਝੂ, ਦਿਲ 'ਚ ਡਰ ਮਹਿਸੂਸ ਕਰਦਾ ਹਾਂ,
ਨਗਰ ਮੇਰੇ ਦਾ ਹਰ ਇਕ ਆਦਮੀ ਮਜਬੂਰ ਦਿਸਦਾ ਹੈ।

ਤਿਰੇ ਨਾਪਾਕ ਹੱਥਾਂ ਵਿਚ ਰਿਹਾ ਬਣਿਆਂ ਖਿਡਾਉਂਣਾ ਮੈਂ,
ਮੈਂ ਝੁੱਗੀ ਢਾਅ ਲਈ ਪਰ ਘਰ ਤੇਰਾ ਭਰਪੂਰ ਦਿਸਦਾ ਹੈ।

ਮੈਂ ਅੱਖਾਂ ਬੰਦ ਜਦ ਕਰਦਾਂ ਨਜ਼ਰ ਆਉਂਦਾ ਏਂ ਤੂੰ ਮੈਨੂੰ,
ਹਰਿਕ ਪਾਸੇ ਤਿਰੇ ਚਿਹਰੇ ਦਾ ਕੋਹੇਨੂਰ ਦਿਸਦਾ ਹੈ।

ਪਪੀਹੇ, ਬੁਲਬੁਲਾਂ ਤੇ ਕੋਇਲਾਂ ਦੇ ਗੀਤ ਮਾਣਾਂਗੇ,
ਕਿ ਇਸ ਵਾਰੀ ਬੜਾ ਅੰਬਾਂ ਦੇ ਉੱਤੇ ਬੂਰ ਦਿਸਦਾ ਹੈ।

ਭੁਲਾਵਾਂ ਕਿਸ ਤਰ੍ਹਾਂ 'ਸੱਗੂ' ਨੂੰ, ਭੁਲਦਾ ਹੀ ਨਹੀਂ ਮੈਨੂੰ,
ਜਿਧਰ ਵੀ ਦੇਖਦਾ ਹਾਂ ਓਸ ਦਾ ਹੀ ਨੂਰ ਦਿਸਦਾ ਹੈ।

## ਦੁਨੀਆਂ

ਦੁਨੀਆਂ ਵਿਚ ਪਹਿਚਾਣ ਗਵਾਉਣੀ ਰੰਗ ਵਟਾਉਂਣਾ ਠੀਕ ਨਹੀਂ।
ਕਬਰਾਂ ਦੀ ਖ਼ਾਮੋਸ਼ੀ ਦੇ ਵਿਚ ਆ ਕੇ ਗਾਉਂਣਾ ਠੀਕ ਨਹੀਂ।

ਗੁਲਸ਼ਨ ਦੇ ਵਿਚ ਜਾ ਜਾ ਕੇ ਤੂੰ ਕਿਉਂ ਫੁੱਲਾਂ ਦਾ ਕਤਲ ਕਰੇਂ,
ਖ਼ੁਸ਼ਬੂਆਂ ਦੀ ਬਸਤੀ ਅੰਦਰ ਖ਼ੂਨ ਵਹਾਉਣਾ ਠੀਕ ਨਹੀਂ।

ਹੋਰ ਬੁਲੰਦੀ ਦੇ ਦਿੰਦੀ ਹੈ ਇਸ਼ਕ ਮੇਰੇ ਨੂੰ ਪਾਬੰਦੀ,
ਦੁਨੀਆਂਦਾਰੋ, ਮੇਰੇ ਰਾਹ ’ਤੇ ਪਹਿਰਾ ਲਾਉਣਾ ਠੀਕ ਨਹੀਂ।

ਤੂਅ ਗਈਆਂ ਕਲੀਆਂ ਦੀਆਂ ਕੁੱਖਾਂ ਮੌਸਮ ਦੇ ਵਿਚ ਜ਼ਰਦੀ ਹੈ,
ਇਸ ਮੌਸਮ ਵਿਚ ਤਿੱਤਲੀਆਂ ਦਾ ਜਾਣਾ-ਆਉਣਾ ਠੀਕ ਨਹੀਂ।

ਨ੍ਹੇਰਾ ਹੈ ਹਰ ਪਾਸੇ ਇਸ ਨੂੰ ਕੁਝ ਤਾਂ ਰੌਸ਼ਨ ਹੋਣ ਦਿਓ,
ਜੁਗਨੂੰ ਫੜ ਨਾ ਤੇ ਨ੍ਹੇਰੇ ਵਿਚ ਦੀਪ ਬੁਝਾਉਣਾ ਠੀਕ ਨਹੀਂ।

ਮੇਰੇ ਜ਼ਖ਼ਮਾਂ ਉੱਤੇ ਕਿਉਂ ਤੂੰ ਨਮਕ ਬਲੂਰੀ ਜਾਂਦਾ ਏਂ,
ਚੁੰਨੀ ਲੈ ਕੇ ਚਿਹਰੇ ਉੱਤੇ ਇਉਂ ਮੁਸਕਾਉਣਾ ਠੀਕ ਨਹੀਂ।

‘ਸੱਗੂ’ ਦੀ ਗੱਲ ਛੱਡੋ, ਉਹ ਜਾਂਦਾ ਜਿੱਧਰ ਜਾਣ ਦਿਓ,
ਵਕਤ ਗਵਾਓ ਨਾ ਐਵੇਂ ਉਸ ਨੂੰ ਸਮਝਾਉਣਾ ਠੀਕ ਨਹੀਂ।

# ਜਦੋਂ ਕੋਠੇ

ਜਦੋਂ ਕੋਠੇ 'ਤੇ ਉਸ ਦੇ ਕੇਸ ਲਹਿਰਾਉਂਦੀ ਹਵਾ ਦੇਖੀ।
ਮੇਰਾ ਦਿਲ ਚੀਖ਼ਿਆ, ਕਹਿੰਦਾ ਨਹੀਂ ਐਸੀ ਘਟਾ ਦੇਖੀ।

ਉਹ ਤੁਰਿਆ ਜਾ ਰਿਹਾ ਅੱਗੇ ਮਗਰ ਪਿੱਛੇ ਨੂੰ ਤਕਦਾ ਹੈ,
ਕਦੀ ਏਦਾਂ ਦਾ ਭੋਲਾਪਨ ਨਾ ਕਿਧਰੇ ਮੈਂ ਅਦਾ ਦੇਖੀ।

ਅਸਾਨੂੰ ਮਾਰ ਪੈਂਦੀ ਹੈ ਮਗਰ ਬੰਦਿਸ਼ ਹੈ ਰੋਣੇ 'ਤੇ,
ਨਾ ਐਸਾ ਜ਼ੁਲਮ ਤਕਿਆ ਹੈ ਨਹੀਂ ਐਸੀ ਸਜ਼ਾ ਦੇਖੀ।

ਅਸੀਂ ਕੰਨਾਂ 'ਚ ਪਾ ਕੇ ਮੁੰਦਰਾਂ ਲਭਦੇ ਰਹੇ ਹੁਣ ਤਕ,
ਮੁਹੱਬਤ ਨਾ ਨਜ਼ਰ ਆਈ ਨਾ ਕਿਧਰੇ ਵੀ ਵਫ਼ਾ ਦੇਖੀ।

ਜ਼ਮਾਨੇ ਵਿਚ ਗਵਾਇਆ ਜੋ ਨਾ ਕੀਤੀ ਓਸ ਦੀ ਚਿੰਤਾ,
ਅਸੀਂ ਇਹ ਜ਼ਿੰਦਗੀ ਵਖ ਨਜ਼ਰੀਏ ਤੋਂ ਹੈ ਸਦਾ ਦੇਖੀ।

ਕਲਮ ਚੁੱਕ ਕੇ ਤੂੰ ਕਾਗ਼ਜ਼ 'ਤੇ ਲਕੀਰਾਂ ਮਾਰਦਾ ਰਹਿਨੈਂ,
ਗ਼ਜ਼ਲ ਤੇਰੀ 'ਚ ਐ 'ਸੱਗੂ' ਨਹੀਂ ਕੋਈ ਕਲਾ ਦੇਖੀ।

## ਲਹਿ ਗਈ

ਜੋ ਚੜ੍ਹੀ ਹੋਈ ਸੀ ਗੁੱਡੀ ਲਹਿ ਗਈ।
ਰੇਤ ਦੀ ਦੀਵਾਰ ਸੀ ਜੋ ਢਹਿ ਗਈ।

ਕੂੜ ਦਾ ਪਰਚਾਰ ਜੰਮਣ ਨਫ਼ਰਤਾਂ,
ਜ਼ਿੰਦਗਾਨੀ ਮਾਰ ਖਾ ਕੇ ਬਹਿ ਗਈ।

ਜ਼ੁਲਮ ਆਕੀ ਨੇ ਬਥੇਰਾ ਕਰ ਲਿਐ,
ਢਾਲ਼ ਫ਼ੌਲਾਦੀ ਸਿਤਮ ਸਭ ਸਹਿ ਗਈ।

ਨ੍ਹੇਰ ਪਿੰਡਾਂ ਦੀ ਜਵਾਨੀ ਖਾ ਗਿਐ,
ਸ਼ਹਿਰ ਦੀ ਹਰ ਸੜਕ ਤਨਹਾ ਰਹਿ ਗਈ।

ਚੰਨ ਪੂਨਮ ਦਾ ਚੜ੍ਹੇਗਾ ਫੇਰ ਤੋਂ,
ਨ੍ਹੇਰ ਦੀ ਚਾਦਰ ਫ਼ਰੇਬੀ ਲਹਿ ਗਈ।

ਮੋਹ ਅਸਾਡਾ ਲੂਣ ਵਾਂਗੂੰ ਖੁਰ ਗਿਐ,
ਗੱਲ ਸਦੀ ਸੀ ਜਾਣ ਲੱਗੀ ਕਹਿ ਗਈ।

ਅਦਲ ਅੰਨ੍ਹਾਂ ਰਾਜਨੀਤੀ ਖੇਡਦਾ,
ਓਸ ਦੀ 'ਸੱਗੂ' ਚਲਾਕੀ ਵਹਿ ਗਈ।

# ਅੰਬਰ ਦੇ

ਅੰਬਰ ਦੇ ਵਿਚ ਉਡਣਾ ਦੱਸਿਆ ਮੈਨੂੰ ਤੇਜ਼ ਹਵਾਵਾਂ ਨੇ।
ਸਿਦਕ ਮੇਰੇ ਨੂੰ ਅਜ਼ਮਾਇਆ ਹੈ ਮੁੜ ਮੁੜ ਘੋਰ ਘਟਾਵਾਂ ਨੇ।

ਪਰਦੇਸਾਂ ਤੋਂ ਅਪਣੇ ਘਰ ਨੂੰ ਮੈਥੋਂ ਪਰਤ ਨਹੀਂ ਹੋਇਆ,
ਪਿੰਡ ਮੇਰੇ ਦੇ ਪਿੱਪਲ, ਅਜ ਵੀ ਚੇਤੇ ਦੇ ਵਿਚ ਛਾਵਾਂ ਨੇ।

ਤਨਹਾਈ ਹੈ, ਇਸ ਥਲ ਅੰਦਰ ਥਾਂ ਥਾਂ 'ਤੇ ਹਨ ਕਠਨਾਈਆਂ,
ਤਾਂ ਵੀ ਖ਼ੁਸ਼ ਹਾਂ, ਮਾਂ ਜਦ ਤੇਰੀਆਂ ਮੇਰੇ ਨਾਲ ਦੁਆਵਾਂ ਨੇ।

ਕੁਝ ਭਗਵਾਨਾਂ ਨੇ ਇਸ ਦੇ ਵਿਚ, ਕੁਝ ਵੀ ਰਹਿਣ ਨਹੀਂ ਦਿਤਾ,
ਕੀ ਕਰੀਏ ਹੁਣ, ਲੁੱਟ ਲਿਆ ਹੈ ਮੇਰਾ ਦੇਸ਼ ਖ਼ੁਦਾਵਾਂ ਨੇ।

ਕਦ ਕਾਬੂ ਵਿਚ ਆਏ ਨੇ, ਕਦ ਇਹਨਾਂ ਪਰਵਾਹ ਮੰਨੀ ਹੈ,
ਚਲਦੇ ਚਲਦੇ ਜਦ ਵੀ ਰਸਤੇ ਬਦਲੇ ਹਨ ਦਰਿਆਵਾਂ ਨੇ।

ਤੇਰੇ ਬਾਦ ਕਲਮ ਮੇਰੀ 'ਚੋਂ ਕੋਈ ਸ਼ਬਦ ਨਹੀਂ ਕਿਰਦਾ,
ਏਦਾਂ ਲਗਦੈ, ਨਾਲ ਤੇਰੇ ਹੀ ਤੁਰ ਗਈਆਂ ਕਵਿਤਾਵਾਂ ਨੇ।

ਚੇਤੇ ਰੱਖੀਂ ਦਿਲ ਵਿਚ, ਅੱਗ ਪਾਣੀ ਦਾ ਮੇਲ ਅਸੰਭਵ ਹੈ,
ਤੇਰੇ ਕੋਲ ਮੁਹੱਬਤ 'ਸੱਗੂ' ਉਸ ਦੇ ਕੋਲ ਅਦਾਵਾਂ ਨੇ।

## ਕਿਸੇ ਦੀ ਯਾਦ

ਕਿਸੇ ਦੀ ਯਾਦ ਦਾ ਰਹਿੰਦਾ ਹੈ ਮੈਨੂੰ ਆਸਰਾ ਪਲ ਪਲ।
ਅਗੰਮੀ ਮਹਿਕ ਦਾ ਬੁੱਲਾ ਲਿਆਉਂਦੀ ਹੈ ਹਵਾ ਪਲ ਪਲ।

ਮੈਂ ਉਸ ਨੂੰ ਆਪਣੇ ਦਿਲ 'ਚੋਂ ਭੁਲਾਉਣਾ ਤਾਂ ਬੜਾ ਚਾਹਿਆ,
ਬੜਾ ਹੀ ਯਾਦ ਆਏ ਨੇ ਮਗਰ ਉਹ ਬੇਵਫ਼ਾ ਪਲ ਪਲ।

ਮੈਂ ਜਿੰਨਾਂ ਜ਼ਿੰਦਗੀ ਦੀ ਸ਼ਾਮ ਦੇ ਨਜ਼ਦੀਕ ਆਉਂਦਾ ਹਾਂ,
ਮਿਰੇ ਜੀਵਨ 'ਚ ਘਟਦਾ ਜਾ ਰਿਹਾ ਹੈ ਹਾਦਿਸਾ ਪਲ ਪਲ।

ਬੜੀ ਬਿਜਲੀ ਗਿਰਾਉਂਦੀ ਹੈ, ਝੜੀ ਅੱਖਾਂ 'ਚ ਲਾਉਂਦੀ ਹੈ,
ਬਦਲਦੀ ਰੰਗ ਹੈ ਕਿੰਨੇ ਮੁਹੱਬਤ ਦੀ ਘਟਾ ਪਲ ਪਲ।

ਬੜੀ ਕੋਸ਼ਿਸ਼ ਮੈਂ ਕੀਤੀ ਹੈ ਤੇਰੇ ਨਜ਼ਦੀਕ ਆ ਜਾਵਾਂ,
ਮਗਰ ਵਧਦਾ ਰਿਹੈ ਅਪਣੇ ਵਿਚਾਲੇ ਫ਼ਾਸਲਾ ਪਲ ਪਲ।

ਤੂੰ ਐਵੇਂ ਹੀ ਨਾ ਇਸ ਦੁਨੀਆਂ ਦੀਆਂ ਗੱਲਾਂ 'ਚ ਆਇਆ ਕਰ,
ਤੂੰ ਕਰ ਵਿਸ਼ਵਾਸ ਉਸ ਉੱਤੇ ਹੈ 'ਸੱਗੂ' ਆਪ ਦਾ ਪਲ ਪਲ।

## ਭਾਵੇਂ

ਭਾਵੇਂ ਕਮਰੇ ਵਿਚ ਮੈਂ ਲਾਈਆਂ ਨਾਨਕ, ਬੁੱਧ ਦੀਆਂ ਤਸਵੀਰਾਂ।
ਮੇਰੇ ਕੋਲੋਂ ਮੇਟ ਨਾ ਹੋਈਆਂ ਅੰਦਰ ਤੋਂ ਵਲਦਾਰ ਲਕੀਰਾਂ।

ਜਦ ਤੂੰ ਲੰਘਿਆਂ ਲਾਸ਼ਾਂ ਕੋਲੋਂ ਕਾਲਰ ਉੱਤੇ ਫੁੱਲ ਸਜਾ ਕੇ,
ਟੁਕੜੇ ਟੁਕੜੇ ਤਨ ਦੇ ਹੋਏ ਇਹ ਦਿਲ ਹੋਇਆ ਲੀਰਾਂ ਲੀਰਾਂ।

ਬਾਰ ਪਰਾਏ ਬੈਠ ਗਿਆ ਮੈਂ ਬਣ ਬੈਠਾ ਪੱਕਾ ਪਰਵਾਸੀ,
ਮੈਂ ਰੋਇਆ ਹਾਂ, ਜਦ ਵੀ ਆਈਆਂ ਤੇਰੀਆਂ ਯਾਦਾਂ ਘੱਤ ਵਹੀਰਾਂ।

ਧੁੰਦ ਦੀ ਚਾਦਰ ਤਣ ਚੁੱਕੀ ਹੈ ਮੇਰੇ ਸ਼ਹਿਰ ਦੇ ਹਰ ਹਿੱਸੇ 'ਤੇ,
ਕਿੱਥੋਂ ਲਭੀਏ ਤਾਰੇ ਆਪਾਂ, ਚੰਨ ਦੀ ਟਿੱਕੀ, ਸੁਰਖ਼ ਲਕੀਰਾਂ।

ਇਸ ਤੋਂ ਵਧ ਸਨਮਾਨ ਮਿਰਾ ਕੀ ਹੋ ਸਕਦੈ ਤੇਰੀ ਬਸਤੀ ਵਿਚ,
ਮੇਰੇ ਹੱਥਾਂ ਵਿਚ ਹੱਥਕੜੀਆਂ ਪੈਰਾਂ ਵਿਚ ਲਿਸ਼ਕਣ ਜ਼ੰਜੀਰਾਂ।

ਮੇਰੇ ਸ਼ਹਿਰ ਦਾ ਹਰ ਇਕ ਬੰਦਾ ਫਿਰਦਾ ਹੈ ਹਥਿਆਰ ਉਠਾ ਕੇ,
ਬੇਅਕਲੀ ਵਿਚ ਭੁੱਲ ਗਿਆ ਹੈ ਯੁੱਧ ਦੀਆਂ ਮਾਰੂ ਤਾਸੀਰਾਂ।

ਖ਼ੁਸ਼ਬੂ ਵੰਡੀ, ਜਿਹਨਾਂ ਨੂੰ ਤੂੰ, ਐ 'ਸੱਗੂ' ਸੀ ਫੁੱਲ ਫੜਾਏ,
ਓਹੀ ਤੇਰੇ ਪਿੱਛੇ ਪਿੱਛੇ ਚੁੱਕੀ ਫਿਰਦੇ ਨੇ ਸ਼ਮਸ਼ੀਰਾਂ।

## ਸਭ ਕੁਝ

ਸਭ ਕੁਝ ਹੈ ਕੋਲ ਜੇਕਰ ਇਨਸਾਨ ਜਾਗਦਾ ਹੈ।
ਹਿੰਮਤ ਦੇ ਆਸਰੇ ਹੀ ਵਰਦਾਨ ਜਾਗਦਾ ਹੈ।

ਸੌਂਦਾ ਹੈ ਗੂੜ੍ਹੀ ਨੀਂਦਰ ਸਭ ਤੋਂ ਗ਼ਰੀਬ ਬੰਦਾ,
ਦੌਲਤ ਦੀ ਹੋਰ ਚਾਹ ਵਿਚ ਧਨਵਾਨ ਜਾਗਦਾ ਹੈ।

ਆਉਂਦੇ ਨੇ ਲੋਕ ਘਰ ਵਿਚ ਬਸ ਹਾਲ ਚਾਲ ਪੁੱਛਣ,
ਨਾ ਵੈਦ, ਨਾ ਨਗਰ ਦਾ ਲੁਕਮਾਨ ਜਾਗਦਾ ਹੈ।

ਇਕ ਭੀੜ ਉੱਚੀ ਉੱਚੀ ਛੈਣੇਂ ਵਜਾ ਰਹੀ ਏ,
ਵਜਦੇ ਨੇ ਢੋਲ ਪਰ ਨਾ ਭਗਵਾਨ ਜਾਗਦਾ ਹੈ।

ਐ ਉੱਚਿਓ ਮਹਿਲੋ, ਇਓਂ ਜਸ਼ਨ ਨਾ ਮਨਾਓ,
ਹਰ ਝੌਂਪੜੀ ਦੇ ਅੰਦਰ ਤੂਫ਼ਾਨ ਜਾਗਦਾ ਹੈ।

ਮਜ਼ਹਬ ਦੇ ਨਾਮ ਉੱਤੇ ਹੁੰਦੇ ਨੇ ਰੋਜ਼ ਦੰਗੇ,
ਹਰ ਸ਼ਹਿਰ ਸੌਂ ਰਿਹਾ ਹੈ ਸ਼ਮਸ਼ਾਨ ਜਾਗਦਾ ਹੈ।

ਸੁਣ ਕੇ ਖ਼ਬਰ ਐ 'ਸੱਗੂ' ਹੁਣ ਜਾਪਦਾ ਹੈ ਮੈਨੂੰ,
ਹਰ ਆਦਮੀ ਦੇ ਅੰਦਰ ਸ਼ੈਤਾਨ ਜਾਗਦਾ ਹੈ।

# ਤ੍ਰਿਸ਼ੂਲਾਂ

ਤ੍ਰਿਸ਼ੂਲਾਂ ਦਾ ਮੌਸਮ ਆਇਆ, ਰੁੱਤ ਆਈ ਤਲਵਾਰਾਂ ਦੀ।
ਮੇਰੇ ਕੋਲੋਂ ਪੜ੍ਹ ਨਾ ਹੋਵੇ ਸੁਰਖ਼ੀ ਹੁਣ ਅਖ਼ਬਾਰਾਂ ਦੀ।

ਘਰ ਘਰ ਦੇ ਵਿਚ ਚੁੱਲ੍ਹੇ ਠੰਡੇ ਕੀਤੇ ਬੇਰੁਜ਼ਗਾਰੀ ਨੇ,
ਬੇੜੀ ਬੰਨੇ ਕੌਣ ਲਗਾਵੇ, ਬੇਵਸ ਕਰਜ਼ੇਦਾਰਾਂ ਦੀ।

ਮਿੱਟੀ ਘੱਟੇ ਵਿਚ ਮੈਂ ਸੁੱਚੇ ਮੋਤੀ ਰੁਲਦੇ ਦੇਖ ਰਿਹਾਂ,
ਫ਼ਾਕੇ ਦੇ ਵਿਚ ਰੁਲਦੀ ਜਾਵੇ ਰੋਜ਼ ਕਲਾ ਫ਼ਨਕਾਰਾ ਦੀ।

ਫੁੱਲਾਂ ਦੇ ਰੰਗ ਬੱਗੇ ਹੋ ਗਏ, ਹਰ ਚਿਹਰਾ ਹੈ ਜ਼ਰਦ ਜਿਹਾ,
ਧੂੰਆਂ ਹੀ ਧੂੰਆਂ ਦਿਸਦੈ, ਨਾ ਲੱਭੇ ਮਹਿਕ ਬਹਾਰਾਂ ਦੀ।

ਧਰਮ ਦੇ ਨਾਂ 'ਤੇ ਵੰਡਾਂ ਪਾ ਕੇ, ਕਿਹੜਾ ਫ਼ਰਜ਼ ਨਿਭਾਉਂਦੇ ਹੋ ?
ਥਾਂ ਥਾਂ 'ਤੇ ਨਾ ਰੱਖੀ ਜਾਓ, ਨੀਂਹ ਨਸਲੀ ਦੀਵਾਰਾਂ ਦੀ।

ਏਸ ਨਗਰ ਦੀ ਹਰ ਬਸਤੀ ਵਿਚ ਕੋਈ ਘਰ ਮਹਿਫ਼ੂਜ਼ ਨਹੀਂ,
ਚੋਰਾਂ ਨਾਲ ਹੈ ਭਾਈਵਾਲੀ 'ਸੱਗੂ' ਚੌਂਕੀਦਾਰਾਂ ਦੀ।

ਲਗਦੈ ਉਹਨਾਂ ਸਭ ਦੇ ਪਾਣੀ ਵਾਲੇ ਟੀਕੇ ਲਾ ਦਿੱਤੇ,
ਮਾੜੀ ਹਾਲਤ ਤਾਂ ਹੋਈ ਹੈ ਐ 'ਸੱਗੂ' ਬੀਮਾਰਾਂ ਦੀ।

# ਦੁਨੀਆਂ ਅਜ ਕਲ੍ਹ

ਦੁਨੀਆਂ ਅਜ ਕਲ੍ਹ ਦੁਨੀਆਂ ਕਿੱਥੇ, ਮੰਡੀ ਹੈ।
ਰੰਗ ਨਸਲ ਤੇ ਜਾਤਾਂ ਦੇ ਵਿਚ ਵੰਡੀ ਹੈ।

ਮੇਰੇ ਚਾਅ ਤੇ ਸਧਰਾਂ ਚਿਰ ਤੋਂ ਮੋਏ ਨੇ,
ਮੇਰੀ ਹਰ ਇਕ ਇੱਛਾ ਮੁੱਢ ਤੋਂ ਰੰਡੀ ਹੈ।

ਮੰਤਰ ਪੜ੍ਹਦੈ, ਕਰਦਾ ਕੁੱਝ ਇਲਾਜ ਨਹੀਂ,
ਕੀ ਕਰੀਏ ਹੁਣ, ਮਿਲਿਆ ਵੈਦ ਪਖੰਡੀ ਹੈ।

ਬੇਰੁਜ਼ਗਾਰੀ ਨੇ ਹੱਥ ਬੰਨ੍ਹੇ ਹੋਏ ਨੇ,
ਮਹਿੰਗਾਈ ਦੇ ਮੂੰਹ ਵਿਚ ਸਭ ਦੀ ਘੰਡੀ ਹੈ।

ਆਪਾਂ ਸੱਚ ਦੀ ਮਾਲਾ ਲੈ ਕੇ ਨੱਚਾਂਗੇ,
ਹੋਵੇ ਫਿਰ, ਜੇ ਹੁੰਦੀ ਸਾਡੀ ਭੰਡੀ ਹੈ।

ਸਾਡੇ ਕੋਲ ਕੜਾ ਹੈ ਸੱਚੇ ਸਤਿਗੁਰ ਦਾ,
ਫਿਰ ਕੀ ਹੋਇਆ, ਜੇ ਤੂੰ ਬਰਛੀ ਚੰਡੀ ਹੈ।

ਉੱਤੇ ਪਹਿਰੇ ਲਾਏ ਨਿੱਤ ਸ਼ਰੀਕਾਂ ਨੇ,
ਮੇਰੇ ਘਰ ਨੂੰ ਜਾਂਦੀ ਜਿਹੜੀ ਡੰਡੀ ਹੈ।

'ਸੱਗੂ' ਸਭ ਨੂੰ ਵੱਡੇ ਲੱਗੇ ਕੱਦ ਅਪਣੇ,
ਹਰ ਇਕ ਕਹਿੰਦਾ ਫਿਰਦੈ, ਮੇਰੀ ਝੰਡੀ ਹੈ।

## ਜੀਣਾ ਔਖਾ

ਜੀਣਾ ਔਖਾ, ਮਰਨਾ ਔਖਾ।
ਦਿਲ ਨੂੰ ਪੱਥਰ ਕਰਨਾ ਔਖਾ।

ਤਨ ਦੇ ਜ਼ਖ਼ਮ ਤਾਂ ਭਰ ਜਾਂਦੇ ਹਨ,
ਮਨ ਦੇ ਫੱਟ ਦਾ ਭਰਨਾ ਔਖਾ।

ਤਨਹਾਈ ਦਾ ਦਰਦ ਬੁਰਾ ਹੈ,
ਸਚਮੁਚ ਇਸ ਨੂੰ ਜਰਨਾ ਔਖਾ।

ਔਖਾ ਹੈ ਸੂਲੀ ਦਾ ਚੁੰਮਣ,
ਅੱਗ ਦਾ ਦਰਿਆ ਤਰਨਾ ਔਖਾ।

ਔਖੇ ਹੁੰਦੇ ਕੌਲ ਨਿਭਾਉਣੇ,
ਖ਼ੁਦ ਨੂੰ ਅਰਪਣ ਕਰਨਾ ਔਖਾ।

ਰਸਤਾ ਸੀ ਸੁਕਰਾਤ ਦਾ ਮੁਸ਼ਕਿਲ,
ਵਿਸ਼ ਦਾ ਇਕ ਘੁਟ ਭਰਨਾ ਔਖਾ।

ਜੇਕਰ ਦਿਲ ਵਿਚ ਹੋਣ ਇਰਾਦੇ,
ਕੰਮ ਨਾ ਕੋਈ ਕਰਨਾ ਔਖਾ।

ਤੂੰ ਵਖ ਹੋ ਕੇ ਸਾਰ ਲਿਆ ਹੈ,
ਪਰ 'ਸੱਗੂ' ਦਾ ਸਰਨਾ ਔਖਾ।

## ਫੁੱਲਾਂ ਵਾਂਗੂੰ

ਫੁੱਲਾਂ ਵਾਂਗੂੰ ਰਖਿਆ, ਸੀਨੇ ਲਾਇਆ ਹੈ।
ਸੱਜਣਾ ਤੇਰਾ ਗ਼ਮ ਮੇਰਾ ਸਰਮਾਇਆ ਹੈ।

ਨ੍ਹੇਰਾ ਮੈਨੂੰ ਜਾਪ ਰਿਹਾ ਹੈ ਦਿਨ ਵੇਲੇ,
ਉਸ ਨੇ ਨੈਣਾਂ ਵਿਚ ਕੀ ਕੱਜਲ ਪਾਇਆ ਹੈ।

ਉਹ ਭਾਦੋਂ ਦੀ ਬਾਰਿਸ਼ ਦੇ ਵਿਚ ਭਿੱਜ ਗਿਆ,
ਏਦਾਂ ਲਗਿਆ ਮੁੜ ਕੇ ਚੇਤਰ ਆਇਆ ਹੈ।

ਮੁਸ਼ਕਿਲ ਨਾਲ ਮੈਂ ਤਿਣਕੇ 'ਕੱਠੇ ਕੀਤੇ ਸਨ,
ਹੁਣ ਬਿਜਲੀ ਨੇ ਮੇਰਾ ਰੰਗ ਉਡਾਇਆ ਹੈ।

ਇੱਕੋ ਮਿੱਟੀ ਵਿੱਚੋਂ ਪੈਦਾ ਹੋਏ ਹਾਂ,
ਦੁਨੀਆਂ ਦੇ ਵਿਚ ਅਪਣਾ, ਕੌਣ ਪਰਾਇਆ ਹੈ।

ਤੇਰੀ ਹੀ ਤਲਵਾਰ ਨਹੀਂ ਹੈ ਕਹਿਣੇ ਵਿਚ,
ਮੈਂ ਸਿਰ ਅਪਣਾ ਤੇਰੇ ਕੋਲ ਝੁਕਾਇਆ ਹੈ।

ਬੰਦਾ ਬਣ ਕੇ ਰਹਿ, ਜੇ ਰਹਿਣਾ ਦੁਨੀਆਂ ਵਿਚ,
ਮੈਂ 'ਸੱਗੂ' ਨੂੰ ਲੱਖ ਵਾਰੀ ਸਮਝਾਇਆ ਹੈ।

## ਮੈਂ ਸੱਚ

ਮੈਂ ਸੱਚ ਬੋਲਾਂਗਾ ਅਪਣੀ ਜਾਨ ਦੀ ਪਰਵਾਹ ਨਹੀਂ ਮੈਨੂੰ।
ਲੜਾਂਗਾ ਮੈਂ, ਕਿਸੇ ਭਗਵਾਨ ਦੀ ਪਰਵਾਹ ਨਹੀਂ ਮੈਨੂੰ।

ਜੇ ਤੂੰ ਕਹਿੰਦੈ ਮੈਂ ਮਿੱਟੀ ਹਾਂ, ਉਡਾਂਗਾ ਫਿਰ ਮੈਂ ਅੰਬਰ ਤਕ,
ਮੈਂ ਫੈਲਾਂਗਾ, ਕਿਸੇ ਦੀ ਸ਼ਾਨ ਦੀ ਪਰਵਾਹ ਨਹੀਂ ਮੈਨੂੰ।

ਮੈਂ ਨੱਚਾਂਗਾ ਚੁਰਸਤੇ ਵਿਚ ਜਿਵੇਂ ਆਖੇਗਾ ਦਿਲ ਮੇਰਾ,
ਕਿਸੇ ਦੀ ਥਾਪ ਖੱਬੀਖ਼ਾਨ ਦੀ ਪਰਵਾਹ ਨਹੀਂ ਮੈਨੂੰ।

ਮੈਂ ਇਕ ਦਰਿਆ ਹਾਂ ਅਪਣੇ ਆਪ ਹੀ ਰਸਤਾ ਬਣਾਉਂਦਾ ਹਾਂ,
ਕਿਸੇ ਪਰਬਤ ਅਤੇ ਤੂਫ਼ਾਨ ਦੀ ਪਰਵਾਹ ਨਹੀਂ ਮੈਨੂੰ।

ਮੈਂ ਮਹਿਲਾਂ ਤੀਕ ਪਹੁੰਚਾਂਗਾ ਜੋ ਹੋਣਾ ਹੈ ਉਹ ਹੋ ਜਾਵੇ,
ਕਿਸੇ ਪਹਿਰੇ ਕਿਸੇ ਦਰਬਾਨ ਦੀ ਪਰਵਾਹ ਨਹੀਂ ਮੈਨੂੰ।

ਲਗਾਵਾਂਗਾ ਨਵੇਂ ਪੌਦੇ ਅਤੇ ਕਲਮਾਂ ਉਜਾੜਾਂ ਵਿਚ,
ਕਿ ਹੁਣ 'ਸੱਗੂ' ਜੀ ਬੀਆਬਾਨ ਦੀ ਪਰਵਾਹ ਨਹੀਂ ਮੈਨੂੰ।

# ਗਾਈ ਜਾ

ਕੱਢ ਦਿਲੋਂ ਰੰਜ ਗੀਤ ਆਪਣੇ ਤੂੰ ਗਾਈ ਜਾ।
ਬੂਹੇ ਢੋਅ ਕੇ ਅੱਖਾਂ ਦੇ ਤੂੰ ਵੰਝਲੀ ਵਜਾਈ ਜਾ।

ਹੋਰ ਉੱਚਾ ਉੱਡ ਤੂੰ ਹਨ੍ਹੇਰਿਆਂ ਨੂੰ ਚੀਰ ਦੇ,
ਤਾਰਿਆਂ ਦੇ ਵਾਂਗ ਨੂਰ ਅਪਣਾ ਖਿੰਡਾਈ ਜਾ।

ਫੇਰ ਅਲਫ਼ਾਜ਼ 'ਤੇ ਤੂੰ ਝਾਲ ਮੁਸਕਾਨ ਦੀ,
ਕੇਰ ਹੰਝੂ ਆਪਣੇ ਨਾ ਸ਼ਿਅਰਾਂ ਨੂੰ ਰੁਆਈ ਜਾ।

ਬੀਤੀਆਂ ਨਾ ਛੇੜ ਦਿਲਾ, ਲੱਭਣਾ ਨਾ ਕੁੱਝ ਵੀ,
ਪੀਂਦਾ ਰਹਿ ਤੂੰ ਜ਼ਹਿਰ, ਅੰਗਾਰਿਆਂ ਨੂੰ ਖਾਈ ਜਾ।

ਕੱਟ ਨਾ ਉਹ ਜਾਣ ਕਿਤੇ, ਸੋਚੀ ਜਾ ਨਾ ਬੈਠ ਕੇ,
ਸੂਹੇ ਰੰਗ ਵਾਲੀਆਂ ਪਤੰਗਾਂ ਤੂੰ ਉਡਾਈ ਜਾ।

ਨੱਚ ਬੁੱਲੇ ਵਾਂਗ ਪਾ ਕੇ ਪੈਰਾਂ 'ਚ ਤੂੰ ਘੁੰਗਰੂ,
ਘੁੰਡ ਚੁੱਕ ਆਪਣਾ ਨਾ ਐਵੇਂ ਸ਼ਰਮਾਈ ਜਾ।

ਹੌਸਲਾ ਜੇ ਕੀਤਾ ਨਾ, ਚਿਰਾਗ਼ ਬੁਝ ਜਾਣਗੇ,
ਇਹਨਾਂ ਵਿਚ ਖ਼ੂਨ ਵੀ ਜੇ, ਪੈਂਦਾ ਹੈ ਤਾਂ ਪਾਈ ਜਾ।

ਹੁੰਦੈਂ ਕਿਉਂ ਉਦਾਸ, ਉਹਦੀ ਯਾਦ ਤੇਰੇ ਕੋਲ ਹੈ,
ਜਿੱਦਾਂ ਵੀ ਹੈ ਬੀਤਦੀ ਤੂੰ ਜ਼ਿੰਦਗੀ ਬਿਤਾਈ ਜਾ।

ਜ਼ਿੰਦਗੀ 'ਚ ਰੁੱਤਾਂ ਇਕ ਸਾਰ ਨਹੀਂਓਂ ਰਹਿੰਦੀਆਂ,
'ਸੱਗੂ' ਤੇਰੇ ਕੋਲੋਂ ਨਿਭੇ ਜਿੰਨੀ ਕੂ ਨਿਭਾਈ ਜਾ।

# ਇਹ ਤਾਂ

ਇਹ ਤਾਂ ਲਗਦੈ ਕਰਬਲਾ ਮੈਦਾਨ ਦਾ।
ਕੌਣ ਕਹਿੰਦੈ ਯੁੱਗ ਹੈ ਵਿਗਿਆਨ ਦਾ।

ਅਪਣੀ ਉਸਤਤ, ਨਿੰਦਿਆ ਹੋਰਾਂ ਲਈ,
ਬਸ ਇਹੋ, ਇਖ਼ਲਾਕ ਹੈ ਇਨਸਾਨ ਦਾ।

ਜਿਸ ਨੇ ਲੁੱਟਿਆ ਉਮਰ ਭਰ ਸੰਸਾਰ ਨੂੰ,
ਜਾਪ ਕਰਦਾ ਹੈ, ਉਹ ਹੁਣ ਈਮਾਨ ਦਾ।

ਆ, ਕਿ ਦੋ ਪਲ ਪਿਆਰ ਦਾ ਨਿੱਘ ਮਾਣੀਏਂ,
ਹੈ ਨਹੀਂ ਕੁਝ ਵੀ ਭਰੋਸਾ ਜਾਨ ਦਾ।

ਲੋਕ ਪੱਥਰ ਮਾਰ ਕੇ ਹਨ ਤੁਰ ਗਏ,
ਫਿਰ ਵੀ ਚਿਹਰਾ ਹੱਸਦੈ ਸ਼ੈਤਾਨ ਦਾ।

ਗਲ਼ ਦੇ ਵਿਚ ਰੱਸਾ ਹੈ ਪੈਰੀਂ ਬੇੜੀਆਂ,
ਵੇਖ, ਜਲਵਾ ਆ ਕੇ ਸਾਡੀ ਸ਼ਾਨ ਦਾ।

ਜ਼ਿੰਦਗੀ ਨਸ਼ਿਆਂ ਦੀ ਭੇਟਾ ਚੜ੍ਹ ਗਈ,
ਫੜ ਲਿਆ ਲੋਕਾਂ ਨੇ ਰਾਹ ਸ਼ਮਸ਼ਾਨ ਦਾ।

ਜਿਸ ਦੀ ਖ਼ਾਤਰ ਚੱਲਿਆਂ ਮੈਂ ਉਮਰ ਭਰ,
ਉਹ ਵੀ 'ਸੱਗੂ' ਹੁਣ ਨਹੀਂ ਪਹਿਚਾਨਦਾ।

## ਤਲਖ਼ੀ

ਤਲਖ਼ੀ, ਹੁੰਮਸ, ਘੁਟਨ ਘੁਲੀ ਪੁਰਵਾਈ ਵਿਚ।
ਸਾਵਣ ਹੋਰ ਸਤਾਉਂਦਾ ਹੈ ਤਨਹਾਈ ਵਿਚ।

ਕੰਧਾਂ, ਛੱਤਾਂ ਤੇ ਦਰਵਾਜ਼ੇ ਰੋਏ ਸਨ,
ਜਦ ਬਟਵਾਰੇ ਹੋਏ ਭਾਈ ਭਾਈ ਵਿਚ।

ਬੌਨੇ ਬੌਨੇ ਕੱਦ ਲੱਗਣ ਜ਼ਰਦਾਰਾਂ ਦੇ,
ਰੋਜ਼, ਨਵੇਂ ਦਿਨ ਧਸਦੇ ਜਾਣ ਬੁਰਾਈ ਵਿਚ।

ਸੱਚ ਕਹਿ ਕੇ ਹੁਣ ਲੈ ਲੈ ਤੂੰ ਜੋ ਲੈਣਾ ਹੈ,
ਆਪਾਂ ਤਾਂ ਬਸ ਖਾਧੀ ਮਾਰ ਸਚਾਈ ਵਿਚ।

ਤਖ਼ਤਾਂ, ਤਾਜਾਂ ਵਾਲੇ ਰੁਲਦੇ ਦੇਖੇ ਮੈਂ,
ਮਰ ਮਿਟ ਜਾਵੇਂਗਾ ਤੂੰ ਵੀ ਚਤੁਰਾਈ ਵਿਚ।

ਸੜਕਾਂ ਉੱਤੇ ਬੀਤੀ ਆਉਧ ਮਲੰਗਾਂ ਦੀ,
ਲਿਖੀਆਂ ਨੇ ਸਭ ਗ਼ਜ਼ਲਾਂ ਆਵਾਜਾਈ ਵਿਚ।

ਜਗ ਦੋ ਦਿਨ ਦਾ ਮੇਲਾ ਹਸ ਕੇ ਜੀਅ 'ਸੱਗੂ',
ਮਰ ਹੀ ਜਾਈਏ ਨਾ ਕਿਧਰੇ ਰੁਸਵਾਈ ਵਿਚ।

# ਜਦ ਮੇਰੇ

ਜਦ ਮੇਰੇ 'ਤੇ ਆ ਗਈ ਉਸ ਦੀ ਨਜ਼ਰ।
ਜਿਸਮ ਨੂੰ ਅੱਗ ਲਾ ਗਈ ਉਸ ਦੀ ਨਜ਼ਰ।

ਫਿਰ ਤੂੰ ਕਿੱਥੇ ਜਾਏਂਗਾ ਦਿਲ ਭੋਲਿਆ,
ਜਦ ਚੁਫ਼ੇਰੇ ਛਾ ਗਈ ਉਸ ਦੀ ਨਜ਼ਰ।

ਓਸ ਦੀ ਤਸਵੀਰ ਤਕ ਮੈਂ ਰੋ ਪਿਆ,
ਜਾਪਿਆ ਮੁਸਕਾ ਗਈ ਉਸ ਦੀ ਨਜ਼ਰ।

ਓਸ ਨੂੰ ਪਹਿਚਾਣ ਭੁੱਲੀ ਅਪਣੀ,
ਖ਼ੁਦ ਨੂੰ ਵੀ ਉਲਝਾ ਗਈ ਉਸ ਦੀ ਨਜ਼ਰ।

ਲਿਸ਼ਕਦੇ ਸਨ ਨੈਣ ਉਹ ਵੀ ਵਕਤ ਸੀ,
ਹੁਣ ਮਗਰ ਕੁਮਲਾ ਗਈ ਉਸ ਦੀ ਨਜ਼ਰ।

ਮੈਂ ਨਜ਼ਰ ਮਾਰੀ ਸੀ ਬੀਤੇ ਵਕਤ 'ਤੇ,
ਝੱਟ ਚੇਤੇ ਆ ਗਈ ਉਸ ਦੀ ਨਜ਼ਰ।

ਉਂਝ ਤਾਂ 'ਸੱਗੂ' ਦੇ ਮੂੰਹ 'ਤੇ ਚੁੱਪ ਸੀ,
ਬਹੁਤ ਕੁਝ ਫ਼ੁਰਮਾ ਗਈ ਉਸ ਦੀ ਨਜ਼ਰ।

# ਚਿਹਰੇ

ਚਿਹਰੇ ਨੰਗੇ ਹੋ ਗਏ ਆਖ਼ਿਰ ਲੋਕਾਂ ਵਿਚ ਹੈਵਾਨਾਂ ਦੇ।
ਮਾਨਵਤਾ ਦਾ ਖ਼ੂਨ ਵਹਾਉਂਦੇ ਫਿਰਦੇ ਦਲ ਸ਼ੈਤਾਨਾਂ ਦੇ।

ਮੰਦਰ ਅੰਦਰ ਬੇਪੱਤ ਹੋਈ ਕੂੰਜ ਬੜਾ ਕੁਰਲਾਉਂਦੀ ਸੀ,
ਅੱਖਾਂ ਵਿੱਚੋਂ ਹੰਝੂ ਟਪਕੇ ਐਪਰ ਨਾ ਭਗਵਾਨਾਂ ਦੇ।

ਤੀਰ ਅਤੇ ਤਲਵਾਰਾਂ ਸਾਨੂੰ ਫੁੱਲਾਂ ਵਾਂਗੂੰ ਲਗਦੇ ਹਨ,
ਕੋਈ ਫ਼ਰਕ ਨਹੀਂ ਹੈ ਸਾਡੇ ਸੀਨੇ ਹਨ ਚੱਟਾਨਾਂ ਦੇ।

ਮੋਹ, ਲਾਲਚ ਦੀ ਨ੍ਹੇਰੀ ਅੰਦਰ ਕੁਝ ਵੀ ਨਜ਼ਰੀਂ ਆਉਂਦਾ ਨਾ,
ਇਸ ਹਾਲਤ ਵਿਚ ਕਿੱਦਾਂ ਚਿਹਰੇ ਪਹਿਚਾਣਾ ਇਨਸਾਨਾਂ ਦੇ।

ਟੋਏ, ਟਿੱਬੇ, ਜੰਗਲ, ਪਰਬਤ ਮੈਂ ਸਾਰੇ ਲੰਘ ਆਇਆ ਹਾਂ,
ਕਰਜ਼ ਚੁਕਾਵਾਂ ਕਿੱਦਾਂ ਮੈਂ ਅਪਣੀ ਮਾਂ ਦੇ ਵਰਦਾਨਾਂ ਦੇ।

ਤੂੰ ਗ਼ਜ਼ਲਾਂ ਦੇ ਅੰਦਰ ਅਪਣੇ ਰੋਣੇ ਰੋਈ ਜਾਂਦਾ ਏਂ,
ਫ਼ਿਕਰ ਹਮੇਸ਼ਾਂ ਰਹਿੰਦੇ ਤੈਨੂੰ ਅਪਣੇ ਹੀ ਨੁਕਸਾਨਾਂ ਦੇ।

ਬਹੁਤਾ ਵੀ ਵਿਸ਼ਵਾਸ ਨਾ ਕਰਿਆ ਕਰ ਤੂੰ ਮਜ਼ਹਬਦਾਰਾਂ ਦਾ,
'ਸੱਗੂ' ਬਹੁਤ ਇਰਾਦੇ ਭੈੜੇ ਨੇ ਇਹਨਾਂ ਬੇਈਮਾਨਾਂ ਦੇ।

# ਠੇਲ੍ਹ ਦੇਵੋ

ਠੇਲ੍ਹ ਦੇਵੋ ਸਾਗਰਾਂ ਵਿਚ ਕਿਸ਼ਤੀਆਂ।
ਆਉ, ਲਹਿਰਾਂ 'ਤੇ ਬਣਾਈਏ ਬਸਤੀਆਂ।

ਰੌਣਕਾਂ ਕਿਹੜਾ ਚੁਰਾ ਕੇ ਲੈ ਗਿਆ,
ਕਿਉਂ ਨਾ ਇਹ ਵਾਪਿਸ ਘਰਾਂ ਨੂੰ ਪਰਤੀਆਂ।

ਕੀ ਕਰਾਂ ਜਰਜਰ ਮੈਂ ਘਰ ਦੀ ਛੱਤ ਨੂੰ,
ਰਿਸ਼ਤਿਆਂ ਦੇ ਵਾਂਗ ਕੰਧਾਂ ਖ਼ਸਤੀਆਂ।

ਹੜ੍ਹ ਨੇ ਪਿੰਡਾਂ ਦਾ ਨਹੀਂ ਕੁਝ ਛੱਡਿਆ,
ਪਰ ਕਰੀ ਜਾਂਦੇ ਨੇ ਬਗਲੇ ਮਸਤੀਆਂ।

ਪੇਸ਼ ਆਉਂਦਾ ਹਾਂ ਮੁਹੱਬਤ ਨਾਲ ਮੈਂ,
ਉਹ ਕਰੀ ਜਾਂਦੇ ਨੇ ਬਾਲਾਦਸਤੀਆਂ।

ਸੱਚ ਇਹਨਾਂ ਦਾ ਨਹੀਂ ਤੂੰ ਜਾਣਦਾ,
ਛੋਟੀਆਂ ਨੇ ਬਹੁਤ ਵੱਡੀਆਂ ਹਸਤੀਆਂ।

ਮਰ ਗਿਆ 'ਸੱਗੂ' ਤਾਂ ਵਣ ਵਿਚ ਸੁੱਟਣਾ,
ਤਾਰਿਓ ਦਰਿਆ ਦੇ ਵਿਚ ਨਾ ਅਸਤੀਆਂ।

# ਪੌਣ

ਪੌਣ ਨਸ਼ੀਲੀ ਕਿੱਦਾਂ ਸਾਡੇ ਵਿਹੜੇ ਤੀਕਰ ਆਈ ਹੈ।
ਪੰਜ ਦਰਿਆਵਾਂ ਦੀ ਧਰਤੀ ਵਿਚ ਕਿਸ ਨੇ ਜ਼ਹਿਰ ਮਿਲਾਈ ਹੈ।

ਝੁੱਗੀਆਂ ਢਾਰੇ ਅੱਜ ਵੀ ਕਿੰਨੇ ਨ੍ਹੇਰੇ ਦੇ ਵਿਚ ਰਹਿੰਦੇ ਨੇ,
ਤਕ ਤਕ ਕੇ ਇਹ ਮੰਜ਼ਰ ਸੂਰਜ ਦੀ ਵੀ ਅੱਖ ਭਰ ਆਈ ਹੈ।

ਇਹ ਕਿੱਦਾਂ ਦਾ ਮੌਸਮ ਹੈ ਸਾਹ ਘੁਟਦਾ ਹੈ ਹਰ ਬੰਦੇ ਦਾ,
ਸਦਮੇਂ ਕਾਰਨ ਬਾਗ਼ਾਂ ਦੀ ਹਰ ਇਕ ਪੱਤੀ ਮੁਰਝਾਈ ਹੈ।

ਹੱਸਦੇ ਨੇ ਲੋਕੀਂ ਜਦ ਗੱਲ ਮੈਂ ਹੱਕ ਤੇ ਸੱਚ ਦੀ ਕਰਦਾ ਹਾਂ,
ਕੀ ਦੱਸਾਂ ਮੈਂ, ਮੇਰੇ ਉੱਤੇ ਮੇਰੀ ਰੂਹ ਮੁਸਕਾਈ ਹੈ।

ਝੂਠੀ ਗੱਲ ਹੈ, ਜ਼ਖ਼ਮ ਸਮੇਂ ਦੇ ਬੀਤਣ ’ਤੇ ਭਰ ਜਾਂਦੇ ਹਨ,
ਮੈਂ ਤਾਂ ਜ਼ਖ਼ਮਾਂ ਵਿਚ ਹੀ ਅਪਣੀ ਸਾਰੀ ਉਮਰ ਬਿਤਾਈ ਹੈ।

ਘਰ ਤੋਂ ਬਾਹਰ ਦਾ ਐਵੇਂ ਮੈਂ ਦਾਅਵਾ ਕਰਦਾ ਰਹਿੰਦਾ ਹਾਂ,
ਮੇਰੇ ਲਈ ਜਦ ਘਰ ਦੇ ਵਿਚ ਹੀ ਹਰ ਇਕ ਚੀਜ਼ ਪਰਾਈ ਹੈ।

ਹਰ ਵੇਲੇ ਹੋਰਾਂ ਦੀ ਨੁਕਤਾਚੀਨੀ ਕਰਦਾ ਰਹਿੰਨਾ ਏਂ,
ਜਦ ਕਿ ਤੇਰੇ ਅੰਦਰ ਹੀ ਐ ‘ਸੱਗੂ’ ਲੱਖ ਬੁਰਾਈ ਹੈ।

# ਮਨ ਕਾਫ਼ਿਰ

ਮਨ ਕਾਫ਼ਿਰ ਰਖਦਾ ਹੈ ਰੋਜ਼ੇ ਹੱਕ ਪਰਾਇਆਂ ਖਾਵੇ।
ਮੈਲ ਭਰੀ ਹੈ ਮਨ ਦੇ ਅੰਦਰ ਉਂਝ ਮਸੀਤੀਂ ਜਾਵੇ।

ਤਨਹਾਈ ਵਿਚ ਲਭਦਾ ਫਿਰਦਾ ਹੈ ਇਹ ਸੰਗੀ-ਸਾਥੀ,
ਡਾਰੋਂ ਵਿੱਛੜੀ ਕੂੰਜ ਦੇ ਵਾਂਗੂੰ ਰਾਤ ਦਿਨੇ ਕੁਰਲਾਵੇ।

ਬਹੁਤੇ ਬੰਦੇ ਕੰਮ ਨਾ ਕਰਦੇ ਸਿਰਫ ਸਕੀਮਾਂ ਦੱਸਣ,
ਬੱਚਾ ਚੰਗਾ, ਘੁੱਗੂ-ਘੋੜੇ ਮਿੱਟੀ ਤੋੜ, ਬਣਾਵੇ।

ਵਕਤ ਵਿਹਾਇਆ, ਲੰਘੇ ਪਾਣੀ ਕਦ ਆਉਂਦੇ ਵਾਪਿਸ,
ਉਮਰ ਗਈ ਤੇ ਹਰ ਇਕ ਬੰਦਾ ਬੀਤੇ ’ਤੇ ਪਛਤਾਵੇ।

ਦੁਸ਼ਮਣੀਆਂ ਦੇ ਕਾਇਦੇ ਨੂੰ ਵੀ ਭੁਲ ਗਏ ਹਨ ਲੋਕੀਂ,
ਪਿਆਰ ਮੁਹੱਬਤ ਵਿਚ ਵੀ ਅਜਕਲ੍ਹ ਕਿਹੜਾ ਬੋਲ ਪੁਗਾਵੇ।

ਇਸ ਯੁਗ ਦੇ ਵਿਚ ਝੂਠ ਸਹਾਰੇ ਚੱਲੇ ਦੁਨੀਆਂਦਾਰੀ,
ਮੋਹ ਦੇ ਧਾਗੇ ਟੁੱਟ ਗਏ ਹਨ ਪੈਸਾ ਨਾਚ ਨਚਾਵੇ।

ਮਨ ਨੀਵਾਂ, ਮਤ ਉੱਚੀ ਵਾਲੀ ਗੱਲ ਨਾ ਪੱਲੇ ਬੰਨ੍ਹੀ,
ਲਿਖ ਕੇ ਚਾਰ ਕਿਤਾਬਾਂ ‘ਸੱਗੂ’, ‘ਮੈਂ ਮੈਂ’ ਕਰਦਾ ਜਾਵੇ।

## ਅਪਣਾ ਕੌਲ

ਅਪਣਾ ਕੌਲ ਨਿਭਾ ਕੇ ਸੂਰਜ ਢਲ ਚਲਿਆ।
ਨ੍ਹੇਰੇ ਨੂੰ ਗਲ ਲਾ ਕੇ ਸੂਰਜ ਢਲ ਚਲਿਆ।

ਉਠ ਰਹੀਆਂ ਨੇ ਲਾਟਾਂ ਪਿੰਡਾਂ ਸ਼ਹਿਰਾਂ ਵਿਚ,
ਸਾਂਝਾਂ ਨੂੰ ਦਫ਼ਨਾ ਕੇ ਸੂਰਜ ਢਲ ਚਲਿਆ।

ਭਲਕੇ ਫਿਰ ਆਵਾਂਗਾ ਮੈਂ, ਇਹ ਕਹਿੰਦਾ ਹੈ,
ਲੋਕਾਂ ਨੂੰ ਸਮਝਾ ਕੇ ਸੂਰਜ ਢਲ ਚਲਿਆ।

ਮੇਰਾ ਚਿਹਰਾ, ਵਸਤਰ ਬੱਗੇ ਹੋਏ ਨੇ,
ਮੇਰੇ ਰੰਗ ਉਡਾ ਕੇ ਸੂਰਜ ਢਲ ਚਲਿਆ।

ਨ੍ਹੇਰਾ ਅੱਤ ਮਚਾਵੇਗਾ ਹੁਣ ਗਲੀਆਂ ਵਿਚ,
ਅਪਣਾ ਨੂਰ ਖਿੰਡਾ ਕੇ ਸੂਰਜ ਢਲ ਚਲਿਆ।

ਅੰਬਰ ਦੇ ਵਿਚ ਲਾਲੀ ਛਾਈ ਹੋਈ ਹੈ,
ਦਰਦਾਂ ਨੂੰ ਬਿਖ਼ਰਾ ਕੇ ਸੂਰਜ ਢਲ ਚਲਿਆ।

ਸ਼ਾਮ ਢਲੇ ਸਭ ਪੰਛੀ ਘਰ ਨੂੰ ਮੁੜ ਆਏ,
ਮਿਲ 'ਸੱਗੂ' ਤੂੰ ਆ ਕੇ ਸੂਰਜ ਢਲ ਚਲਿਆ।

## ਫ਼ਲਕ 'ਚੋਂ

ਫ਼ਲਕ 'ਚੋਂ ਟੁੱਟ ਕੇ ਤਾਰਾ ਖ਼ਲਾਅ ਵਿਚ ਭਟਕਦਾ ਰਹਿੰਦੈ।
ਮੁਹੱਬਤ ਵਿਚ ਜਿਵੇਂ ਆਸ਼ਿਕ ਵਫ਼ਾ ਲਈ ਤੜਪਦਾ ਰਹਿੰਦੈ।

ਸਦਾ ਅੰਦਰ ਤੋਂ ਖ਼ੁਸ਼ ਹੁੰਦਾ ਨਹੀਂ ਏ ਹੱਸਦਾ ਬੰਦਾ,
ਸਮੁੰਦਰ ਸ਼ਾਂਤ ਵੀ ਹੋਵੇ ਤਾਂ ਅਕਸਰ ਖ਼ੌਲਦਾ ਰਹਿੰਦੈ।

ਸਫ਼ਰ 'ਤੇ ਮੈਂ ਜਦੋਂ ਜਾਨਾਂ ਤਾਂ ਡਰ ਵੀ ਨਾਲ ਤੁਰਦਾ ਹੈ,
ਮੈਂ ਇਕ ਭਟਕਣ ਹੰਢਾਉਂਦਾ ਹਾਂ ਮੇਰਾ ਮਨ ਸਹਿਕਦਾ ਰਹਿੰਦੈ।

ਮੁਹੱਬਤ ਵਿਚ ਕਿਸੇ ਬੰਦੇ ਨੂੰ ਕੁੱਝ ਹਾਸਲ ਨਹੀਂ ਹੁੰਦਾ,
ਇਹ ਜਿੰਨਾ ਬਾਹਰ ਨੂੰ ਆਉਂਦਾ ਹੈ ਓਨਾਂ ਗ਼ਰਕਦਾ ਰਹਿੰਦੈ।

ਜ਼ਰਾ ਹੁਣ ਹੌਸਲਾ ਰੱਖੀਂ ਦਿਖਾਏਗਾ ਦਿਨੇ ਤਾਰੇ,
ਜੇ ਤੈਥੋਂ ਦਿਲ ਤੇਰਾ ਵਿਪਰੀਤ ਹੋ ਕੇ ਭਟਕਦਾ ਰਹਿੰਦੈ।

ਮੇਰੇ ਅੰਦਰ ਦਾ ਖ਼ਾਲੀਪਨ ਨਜ਼ਰ ਆਉਣਾ ਨਹੀਂ ਤੈਨੂੰ,
ਨਹੀਂ ਧੂੰਆਂ ਨਜ਼ਰ ਆਉਂਦਾ ਬੜਾ ਕੁੱਝ ਸੁਲਘਦਾ ਰਹਿੰਦੈ।

ਨਹੀਂ ਹੈ ਜਾਨ ਇਸ ਅੰਦਰ, ਮੈਂ ਸੱਚ ਕਹਿਦਾ ਹਾਂ ਐ 'ਸੱਗੂ',
ਮਗਰ ਤੇਰੀ ਮੁਹੱਬਤ ਨਾਲ ਇਹ ਦਿਲ ਧੜਕਦਾ ਰਹਿੰਦੈ।

## ਨਾ ਗ਼ੈਰਾਂ ਦਾ

ਨਾ ਗ਼ੈਰਾਂ ਦਾ ਹੈ ਤੇ ਮਸਲਾ ਨਾ ਹੈ ਅਪਣੇ ਯਾਰਾਂ ਦਾ।
ਸਾਨੂੰ ਮੁਸ਼ਕਿਲ ਵਿਚ ਪਾਉਂਦੈ ਮਸਲਾ ਦੂਹਰੇ ਕਿਰਦਾਰਾਂ ਦਾ।

ਅਜ ਕਲ੍ਹ ਹਰ ਰਿਸ਼ਤੇ ਦੇ ਅੰਦਰ ਟਹਿਕ ਨਹੀਂ ਹੈ ਮਹਿਕ ਨਹੀਂ,
ਆ ਜਾ, ਹਰ ਵਿਹੜੇ ਵਿਚ ਲਾਈਏ, ਆਪਾਂ ਹੁਣ ਰੁੱਖ ਪਿਆਰਾਂ ਦਾ।

ਕਲਮਾਂ ਕੈਦੀ ਨੇ ਤੇ ਏਥੇ ਰੱਸੇ ਮਿਲਣ ਖ਼ਿਆਲਾਂ ਨੂੰ,
ਕਰ ਦਿੱਤਾ ਹੈ ਸਾਫ਼ ਉਨ੍ਹਾਂ ਨੇ ਅਧਿਆਏ ਅਧਿਕਾਰਾਂ ਦਾ।

ਗਲੀਆਂ ਵਿਚ ਬਾਰੂਦ ਦਿਸੇ ਹਰ ਵਿਹੜੇ ਦੇ ਵਿਚ ਮਾਤਮ ਹੈ,
ਪੌਣ ਨਸ਼ੀਲੀ ਨੇ ਕਰ ਦਿੱਤਾ ਝੁੱਗਾ ਚੌੜ ਬਹਾਰਾਂ ਦਾ।

ਸੜਦੇ ਬਲਦੇ ਜੰਗਲ ਵਿੱਚੋਂ ਉਹ ਪੰਛੀ ਬਚ ਨਿਕਲੇ ਹਨ,
ਖੰਭਾਂ ਨੂੰ ਦਿੱਤਾ ਹੈ ਚੋਗਾ ਜਿਹਨਾਂ ਨੇ ਰਫ਼ਤਾਰਾਂ ਦਾ।

ਅਪਣੀ ਰਾਖੀ ਕਿੱਦਾਂ ਕਰਨੀ ਹੈ ਇਹ ਆਪਾਂ ਸੋਚਾਂਗੇ,
ਸੱਚੀ ਗੱਲ ਹੈ, ਹੁਣ ਵਿਸ਼ਵਾਸ ਨਹੀਂ ਹੈ ਪਹਿਰੇਦਾਰਾਂ ਦਾ।

ਤੈਥੋਂ ਮੂਰਖ ਚੰਗੇ 'ਸੱਗੂ' ਗੱਲ ਗੱਲ ਉੱਤੇ ਲੜਦਾ ਏਂ,
ਤੇਰੇ ਕੋਲੋਂ ਟੋਹ ਨਾ ਹੋਇਆ ਦਿਲ ਅਪਣੇ ਦਿਲਦਾਰਾਂ ਦਾ।

## ਕਿਸ ਤਰ੍ਹਾਂ

ਇਸ ਤਰ੍ਹਾਂ ਲਗਦਾ ਹੈ ਚਿਰ ਦਾ ਦੇਖਦੈ ਮੇਰੀ ਤਰਫ਼।
ਇਕ ਬੜਾ ਤੂਫ਼ਾਨ ਜਿਹੜਾ ਆ ਰਿਹੈ ਮੇਰੀ ਤਰਫ਼।

ਬੇਰੁਖ਼ੀ ਕਿਉਂ ਨਾਲ ਮੇਰੇ ਇਸ ਤਰ੍ਹਾਂ ਕਰਦੈ ਏਂ ਤੂੰ,
ਇਕ ਦਫ਼ਾ ਤਾਂ ਹੱਸ ਕੇ ਤੂੰ ਦੇਖ ਲੈ ਮੇਰੀ ਤਰਫ਼।

ਨਾਲ ਮੇਰੇ ਜਾਪਦਾ ਤੁਰਦਾ ਹੈ ਕੋਈ ਦਿਨ ਸਮੇਂ,
ਰਾਤ ਨੂੰ ਲਗਦਾ ਹੈ ਕੋਈ ਝਾਕਦੈ ਮੇਰੀ ਤਰਫ਼।

ਦਿਲ ਨੇ ਪਰ ਕਰਨੀ ਮੁਹੱਬਤ ਫੇਰ ਵੀ ਛੱਡੀ ਨਹੀਂ,
ਗ਼ੈਰ ਮੇਰੇ ਨਾਲ ਹੈ ਨਾ ਯਾਰ ਹੈ ਮੇਰੀ ਤਰਫ਼।

ਓਸ ਨੇ ਹੁਣ ਫਿਰ ਮੇਰੇ ਹਿੱਸੇ ਦਾ ਚਾਨਣ ਖੋਹ ਲਿਐ,
ਬਸ ਨਿਰਾ ਹੀ 'ਨ੍ਹੇਰ ਦਾ ਅੰਬਾਰ ਹੈ ਮੇਰੀ ਤਰਫ਼।

ਉਸ ਦਿਸ਼ਾ ਵਲ ਮੈਂ ਵੀ ਛਾਤੀ ਕਰ ਲਈ ਹੈ ਆਪਣੀ,
ਇੰਝ ਲਗਦਾ ਤੀਰ ਹੈ ਉਹ ਕੱਸਦੈ ਮੇਰੀ ਤਰਫ਼।

ਜ਼ਖ਼ਮ 'ਸੱਗੂ' ਨੂੰ ਮਿਲੇ ਨੇ ਅਸਲ ਵਿਚ ਉਸ ਪਾਸਿਓਂ,
ਹੁਣ ਬਚਾਵੇ ਵਾਸਤੇ ਉਹ ਚੀਖ਼ਦੈ ਮੇਰੀ ਤਰਫ਼।

## ਹੈ ਨਹੀਂ

ਹੈ ਨਹੀਂ ਜੇ ਤਾਲ ਵਿਚ ਮੇਰੀ ਗ਼ਜ਼ਲ।
ਫਿਰ ਹੈ ਕਿਹੜੀ ਭਾਲ ਵਿਚ ਮੇਰੀ ਗ਼ਜ਼ਲ।

ਸੁੱਟ ਦਿਆਂ ਮੈਂ ਏਸ ਨੂੰ ਕਚਰੇ ਦੇ ਵਿਚ,
ਜੇ ਨਹੀਂ ਹੈ ਤਾਲ ਵਿਚ ਮੇਰੀ ਗ਼ਜ਼ਲ।

ਵਕਤ ਦੇ ਬੰਧਨ ਬੜੇ ਨੇ ਏਸ ’ਤੇ,
ਹੈ ਅਜੇ ਜੰਜਾਲ ਵਿਚ ਮੇਰੀ ਗ਼ਜ਼ਲ।

ਤੂੰ ਕਿਸੇ ਦੇ ਦਰਦ ਨੂੰ ਆਵਾਜ਼ ਦੇ,
ਨਾ ਸੁਣਾ ਸੁਰਤਾਲ ਵਿਚ ਮੇਰੀ ਗ਼ਜ਼ਲ।

ਮੈਂ ਕਿਵੇਂ ਜੀਵਤ ਹਾਂ, ਤੈਨੂੰ ਕੀ ਪਤੈ!
ਜੀਅ ਰਹੀ ਕਿਸ ਹਾਲ ਵਿਚ ਮੇਰੀ ਗ਼ਜ਼ਲ।

ਵਕਤ ਦੀ ਸੂਈ ਹੈ ਲਿਖਦੀ ਏਸ ਨੂੰ,
ਦਿਨ, ਮਹੀਨੇ, ਸਾਲ ਵਿਚ ਮੇਰੀ ਗ਼ਜ਼ਲ।

ਸ਼ਿਅਰ ‘ਸੱਗੂ’ ਏਸ ਦੇ ਹਨ ਅੱਥਰੂ,
ਤੁਰ ਗਿਆਂ ਦੀ ਭਾਲ ਵਿਚ ਮੇਰੀ ਗ਼ਜ਼ਲ।

# ਐ ਦਿਲ

ਐ ਦਿਲ ਉੱਡਦੇ ਪੰਛੀ ਉੱਤੇ ਕਿਉਂ ਕੀਤਾ ਵਿਸ਼ਵਾਸ।
ਕਾਤਿਲ ਨੂੰ ਹੀ ਜਾਣ ਲਿਆ ਤੂੰ ਅਪਣਾ ਮਿੱਤਰ ਖ਼ਾਸ।

ਲੱਭੋ ਕਿਸ ਨੇ ਰੋਲੇ ਸਾਡੇ ਮਿੱਟੀ ਦੇ ਵਿਚ ਖ਼ਾਬ,
ਬਾਗ਼ੀ ਕਿਉਂ ਸਤਲੁਜ ਤੇ ਕਿਉਂ ਹੈ ਗ਼ੁੱਸੇ ਵਿੱਚ ਬਿਆਸ।

ਬੋਲਣ 'ਤੇ ਪਾਬੰਦੀ ਹੈ ਹਰ ਪਾਸੇ ਦਿਸਦੈ ਖ਼ੌਫ਼,
ਵਾਦੀ ਵਿਚ ਹਰ ਬੰਦੇ ਨੂੰ ਕਿਉਂ ਮਿਲਿਆ ਹੈ ਬਣਵਾਸ।

ਕਾਹਲਾ ਨਾ ਪੈ, ਇਸ ਦੇ ਪਿੱਛੋਂ ਫੇਰ ਲਗਾਈਂ ਦੌੜ,
ਪਹਿਲਾਂ ਕਰ ਤੂੰ ਹੌਲੀ ਹੌਲੀ ਤੁਰਨੇ ਦਾ ਅਭਿਆਸ।

ਮੰਦੀ ਹੈ, ਬੇਚੈਨੀ ਵਿਚ ਹਨ ਏਸ ਵਤਨ ਦੇ ਲੋਕ,
ਪੰਛੀ ਵੀ ਕਰਦੇ ਜਾਂਦੇ ਹਨ ਹੁਣ ਇੱਥੋਂ ਪਰਵਾਸ।

ਬਾਰਿਸ਼ ਪਿੱਛੋਂ ਜਦ ਪੈਂਦੀਂ ਹੈ ਸੱਤ ਰੰਗਾਂ ਦੀ ਪੀਂਘ,
ਮੈਨੂੰ ਤਾਂ ਲਗਦੇ ਹਨ ਉਸ ਦੇ, ਸਾਰੇ ਰੰਗ ਉਦਾਸ।

ਹੋਰ ਦਿਸ਼ਾ ਵਲ ਦਸਦੈ, ਜਾਂਦਾ ਹੋਰ ਦਿਸ਼ਾ ਦੇ ਵੱਲ,
ਇਸ ਹਾਲਤ ਵਿਚ, ਕਰਨਾ ਮੁਸ਼ਕਿਲ 'ਸੱਗੂ' 'ਤੇ ਵਿਸ਼ਵਾਸ।

# ਇਉਂ ਕਦੋਂ

ਇਉਂ ਕਦੋਂ ਤਕ ਕਤਲਗਾਹ ਨੂੰ ਲੋਕ ਜਾਂਦੇ ਰਹਿਣਗੇ।
ਸੇਕ ਵਹਿਸ਼ੀ ਅੱਗ ਦਾ ਮਾਸੂਮ ਕਦ ਤਕ ਸਹਿਣਗੇ।

ਕਰ ਲਈ ਜੇ ਖ਼ੁਦਕੁਸ਼ੀ ਤੂੰ ਕੁੱਝ ਨਹੀਂ ਜਾਣਾ ਮੇਰਾ,
ਯਾਦ ਰੱਖੀਂ ਲੋਕ ਸਭ ਤੈਨੂੰ ਹੀ ਕਾਇਰ ਕਹਿਣਗੇ।

ਹੋ ਨਾ ਤੂੰ ਮਾਯੂਸ ਬਹੁਤਾ ਫਿਰ ਖਿੜੇਗੀ ਚਾਂਦਨੀ,
ਵਾਵਰੋਲੇ ਅਰਸ਼ 'ਤੇ ਜਿਹੜੇ ਚੜ੍ਹੇ ਨੇ, ਲਹਿਣਗੇ।

ਤਖ਼ਤ ਤੇਰਾ ਦੇਖ ਲਈਂ ਮਿੱਟੀ ਦੇ ਵਿਚ ਮਿਲ ਜਾਏਗਾ।
ਇਸ ਦੇ ਖੰਡਰ ਅਪਣੀ ਸਾਰੀ ਕਹਾਣੀ ਕਹਿਣਗੇ।

ਚੁੱਪ ਚੁਪੀਤੇ ਇਸ ਤਰ੍ਹਾਂ ਸਰਨਾ ਨਹੀਂ ਹੈ ਬੈਠ ਕੇ।
ਸੋਚ ਕੁਝ ਤੂੰ ਕੁਫ਼ਰ ਦੇ ਮੀਨਾਰ ਕਿੱਦਾਂ ਢਹਿਣਗੇ।

ਕਰਨਗੇ ਚਰਚਾ ਹਮੇਸ਼ਾਂ ਲੋਕ ਸਾਡੇ ਸਿਦਕ ਦੀ,
ਚਾਰ ਬੰਦੇ ਜਦ ਵੀ 'ਸੱਗੂ' ਸੱਥ ਦੇ ਵਿਚ ਬਹਿਣਗੇ।

## ਬੰਦਿਸ਼ਾਂ

ਬੰਦਿਸ਼ਾਂ ਗੁਲਸ਼ਨ ’ਤੇ ਲਾਓਗੇ ਕਿਵੇਂ।
ਮਹਿਕ ਫੁੱਲਾਂ ਦੀ ਲੁਕਾਓਗੇ ਕਿਵੇਂ।

ਨ੍ਹੇਰਿਆਂ ਦੇ ਸੰਗ ਪਾ ਕੇ ਦੋਸਤੀ,
ਦੀਪ ਰਾਤਾਂ ਨੂੰ ਜਗਾਓਗੇ ਕਿਵੇਂ।

ਫ਼ੈਲਿਆ ਹੋਇਐ ਹਨ੍ਹੇਰਾ ਹਰ ਤਰਫ਼,
ਰੰਗ ਹੁਣ ਅਪਣੇ ਬਚਾਓਗੇ ਕਿਵੇਂ।

ਅਣਖ, ਬੇਅਣਖਾਂ ਦੀ ਹੈ ਮਰ ਮੁਕ ਗਈ,
ਮੁਰਦਿਆਂ ਨੂੰ ਹੁਣ ਉਠਾਓਗੇ ਕਿਵੇਂ।

ਪੱਥਰਾਂ ਨੂੰ ਦੁੱਧ ਚਾੜ੍ਹਨ ਵਾਲਿਓ,
ਬਾਲ ਭੁੱਖੇ, ਰੱਬ ਪਾਓਗੇ ਕਿਵੇਂ।

ਦਿਲ ’ਚ ਰੱਖ ਕੇ ਮੈਲ ਚਲਦੇ ਹੋ ਤੁਸੀਂ,
ਦੋਸਤੀ ਮੇਰੀ ਨਿਭਾਓਗੇ ਕਿਵੇਂ।

ਫ਼ੈਲ ਚੁੱਕੀ ਅੱਗ ‘ਸੱਗੂ’ ਹਰ ਜਗ੍ਹਾ,
ਹੁਣ ਤੁਸੀਂ ਖ਼ੁਦ ਨੂੰ ਬਚਾਓਗੇ ਕਿਵੇਂ।

## ਉਹ ਮੇਰੇ

ਉਹ ਮੇਰੇ ਘਰ ਦੇ ਕੋਲੋਂ ਦੀ ਗੁਜ਼ਰਦੈ ਸ਼ਾਮ ਦੇ ਵੇਲੇ।
ਮੇਰੇ ਜੀਵਨ 'ਚ ਸੁੱਚੇ ਰੰਗ ਭਰਦੈ, ਸ਼ਾਮ ਦੇ ਵੇਲੇ।

ਸਵੇਰੇ ਜੋਸ਼ ਦੇ ਵਿਚ ਦੇਖਦਾ ਹਾਂ ਚੜ੍ਹ ਰਿਹਾ ਸੂਰਜ,
ਪਤਾ ਨਈਂ ਕਿਹੜੀ ਅਣਹੋਣੀ ਤੋਂ ਡਰਦੈ, ਸ਼ਾਮ ਦੇ ਵੇਲੇ।

ਮੇਰੇ ਚਾਅ, ਵਲਵਲੇ ਤੇ ਦਿਲ ਦੇ ਅੰਦਰ ਬਚਦੀਆਂ ਖ਼ੁਸ਼ੀਆਂ,
ਇਨ੍ਹਾਂ ਨੂੰ ਰੋਜ਼ ਗ਼ਮ ਦਾ ਮਿਰਗ ਚਰਦੈ, ਸ਼ਾਮ ਦੇ ਵੇਲੇ।

ਇਵੇਂ ਲਗਦਾ ਹੈ ਮੈਨੂੰ ਇਸ 'ਚ ਮੇਰਾ ਖ਼ੂਨ ਬਲਦਾ ਹੈ,
ਜੋ ਦੀਵਾ ਝੀਲ ਦੇ ਪਾਣੀ 'ਤੇ ਤਰਦੈ, ਸ਼ਾਮ ਦੇ ਵੇਲੇ।

ਕਟਾਰੀ ਖੋਭ ਕੇ ਸੀਨੇ 'ਚ ਮੇਰੇ, ਖ਼ੂਨ ਲੈਂਦਾ ਹੈ,
ਉਹ ਇਕ ਤਸਵੀਰ ਵਿਚ ਰੰਗ ਸੁਰਖ਼ ਭਰਦੈ, ਸ਼ਾਮ ਦੇ ਵੇਲੇ।

ਨਾ ਮੈਨੂੰ ਸਹੁੰ ਚੁੱਕਾ, ਮੈਥੋਂ ਕਰੀ ਜਾਂਦੀ ਨਹੀਂ ਤੌਬਾ,
ਪਿਆਲੇ ਤੋਂ ਬਿਨਾਂ ਮੇਰਾ ਨਾ ਸਰਦੈ, ਸ਼ਾਮ ਦੇ ਵੇਲੇ।

ਬੜਾ ਸੀ ਮਾਣ 'ਸੱਗੂ' 'ਤੇ ਕਦੀ ਮਿਲਿਆ ਨਹੀਂ ਚਿਰ ਤੋਂ,
ਮੇਰਾ ਦਿਲ ਉਸ ਨੂੰ ਮਿਲਣੇ ਨੂੰ ਕਰਦੈ, ਸ਼ਾਮ ਦੇ ਵੇਲੇ।

## ਦਰਦ

ਦਰਦ ਤਸੀਹੇ ਜਿਹੜੇ ਲੋਕੀ ਜਰ ਜਾਂਦੇ ਹਨ।
ਜ਼ਖ਼ਮ ਉਨ੍ਹਾਂ ਦੇ ਨਾਲ ਸਮੇਂ ਦੇ ਭਰ ਜਾਂਦੇ ਹਨ।

ਦਰ ਟੱਪਣ ਨਾ ਦਿੰਦੇ ਅਪਣੇ ਲੋਕਾਂ ਨੂੰ ਜੋ,
ਚੋਣ ਸਮੇਂ ਉਹ ਲੋਕਾਂ ਦੇ ਦਰ ਦਰ ਜਾਂਦੇ ਹਨ।

ਏਦਾਂ ਦੀ ਵਗਦੀ ਹੈ ਪੌਣ ਫ਼ਿਜ਼ਾ ਦੇ ਅੰਦਰ,
ਛੋਟੇ ਬੱਚੇ ਖ਼ੁਦ ਕੋਲੋਂ ਹੀ ਡਰ ਜਾਂਦੇ ਹਨ।

ਬਚ ਜਾਂਦਾਂ ਮੈਂ ਤੀਰਾਂ ਤੇ ਤਲਵਾਰਾਂ ਕੋਲੋਂ,
ਬੋਲ ਤੇਰੇ ਪਰ ਮੈਨੂੰ ਛਲਣੀ ਕਰ ਜਾਂਦੇ ਹਨ।

ਕਿੱਦਾਂ ਦੀ ਬਸਤੀ ਹੈ, ਇਹ ਕਿੱਦਾ ਦੀ ਥਾਂ ਹੈ,
ਜਿੱਥੇ ਆਉਂਦੇ ਸਾਰ ਪਰਿੰਦੇ ਮਰ ਜਾਂਦੇ ਹਨ।

ਚੋਰ-ਉਚੱਕੇ ਫਿਰਦੇ ਹਨ ਗਲੀਆਂ ਵਿਚ ਖੁੱਲ੍ਹੇ,
ਕਾਤਿਲ ਨੱਚਦੇ, ਗਾਉਂਦੇ ਅਪਣੇ ਘਰ ਜਾਂਦੇ ਹਨ।

ਨ੍ਹੇਰਾ ਦਿੱਤਾ ਸੀ ਜਿਹਨਾਂ ਨੇ 'ਸੱਗੂ' ਤੈਨੂੰ,
ਕਬਰ ਤੇਰੀ ਤੇ ਹੁਣ ਉਹ ਦੀਵੇ ਧਰ ਜਾਂਦੇ ਹਨ।

## ਦਿਨ ਵੇਲੇ

ਦਿਨ ਵੇਲੇ ਉਹ ਗੱਲਾਂ ਕਰਦਾ ਮਾਨਵ ਦੇ ਨਾਸੂਰ ਦੀਆਂ।
ਰਾਤੀਂ ਪੂਰੀ ਬੋਤਲ ਪੀ ਕੇ ਮਾਣੇਂ ਬਾਹਾਂ ਹੂਰ ਦੀਆਂ।

ਚਾਰੇ ਪਾਸੇ ਪਰਬਤ ਦੇਖਾਂ, ਕੀ ਛੋਟੇ ਕੀ ਵੱਡੇ ਮੈਂ,
ਪਰ ਇਹ ਕਿੱਦਾਂ ਕਰ ਸਕਦੇ ਹਨ ਰੀਸਾਂ ਕੋਹੇਤੂਰ ਦੀਆਂ।

ਕਿਹੜਾ ਸੁਣਦਾ ਅਜ ਕਲ ਏਥੇ ਦਾਦਾਂ ਤੇ ਫ਼ਰਿਆਦਾਂ ਨੂੰ,
ਜੇ ਸੁਣਦਾ ਤਾਂ ਰੀਝਾਂ ਇੱਥੇ ਆਪਣੀਆਂ ਨਾ ਝੂਰ ਦੀਆਂ,

ਸੂਲੀ ਤੇ ਆਸ਼ਿਕ ਦਾ ਰਿਸ਼ਤਾ ਅਜ਼ਲੋਂ ਤੁਰਿਆ ਆਉਂਦਾ ਹੈ,
ਤਾਂ ਹੀਂ ਅਜ ਕਲ੍ਹ ਗੱਲਾਂ ਹੋਵਣ ਸੱਥਾਂ ਵਿਚ ਮਨਸੂਰ ਦੀਆਂ।

ਅੱਖੋਂ ਉਹਲੇ ਕਿਸ਼ਤੀ ਹੋਈ ਢੂੰਡਣ ਜਿਸ ਨੂੰ ਨਿਕਲੇ ਸੀ,
ਪਾਣੀ ਉੱਤੋਂ ਲੀਕਾਂ ਮਿਟੀਆਂ ਸਾਥੋਂ ਵਿਛੜੇ ਪੂਰ ਦੀਆਂ।

ਉਸ ਦਾ ਚਿਹਰਾ ਹਾਲੇ ਤਕ ਵੀ ਮੈਨੂੰ ਨਜ਼ਰੀਂ ਆਉਂਦਾ ਹੈ,
ਗੱਲਾਂ ਮੈਨੂੰ ਚੇਤੇ ਆਈਆਂ ਫੇਰ 'ਨਿਰੰਜਨ ਨੂਰ' ਦੀਆਂ।

ਨੰਗ ਧੜੰਗੇ ਲੋਕੀਂ ਤੇਰੇ ਸ਼ਿਅਰਾਂ ਵਿੱਚੋਂ ਗ਼ਾਇਬ ਨੇ,
'ਸੱਗੂ' ਤੇਰੀਆਂ ਗ਼ਜ਼ਲਾਂ ਅੰਦਰ ਗੱਲਾਂ ਨੇ ਅੰਗੂਰ ਦੀਆਂ।

## ਜੁਰਮ ਦੀ

ਜੁਰਮ ਦੀ ਤੇ ਹੱਦ ਹੁੰਦੀ ਜਾ ਰਹੀ ਹੰਕਾਰ ਦੀ।
ਫਿਰ ਹਵਾ ਗੁਸਤਾਖ਼ ਸਾਨੂੰ ਰੋਜ਼ ਹੈ ਵੰਗਾਰ ਦੀ।

ਕਰਬਲਾ ਮੈਦਾਨ ਬਣਿਆਂ ਹਰ ਜਗ੍ਹਾ ਮੈਂ ਵੇਖਦਾਂ,
ਨ੍ਹੇਰ ਮਚਿਆ ਹੈ ਚੁਫ਼ੇਰੇ ਨਿੱਤ ਬਦੀ ਲਲਕਾਰ ਦੀ।

ਰੋਜ਼ ਹੀ ਇਸ ਜ਼ਿੰਦਗੀ ਨੂੰ ਹਾਦਿਸਾ ਮਿਲਦਾ ਰਿਹਾ,
ਮੁਸ਼ਕਿਲਾਂ ਵਿਚ ਵੀ ਮੈਂ ਛੱਡੀ ਬਾਂਹ ਨਹੀਂ ਦਿਲਦਾਰ ਦੀ।

ਚੰਨ ਸੂਰਜ ਤਾਰਿਆਂ ਬਿਨ ਦਿਸਦੀਆਂ ਨਾ ਰੌਣਕਾਂ,
ਹੈ ਕਲਾਕਾਰੀ ਬੜੀ ਦਿਲਕਸ਼ ਮੇਰੇ ਸੰਸਾਰ ਦੀ।

ਆਦਮੀ ਕੋਈ ਵੀ ਉਸ ਦੇ ਵਿਚ ਨਜ਼ਰ ਆਉਂਦਾ ਨਹੀਂ,
ਲੰਘਦਾ ਹਾਂ ਮੈਂ ਜਦੋਂ ਵੀ ਭੀੜ ਦੇ ਵਿਚਕਾਰ ਦੀ।

ਦੂਸਰੇ ਨੂੰ ਦੋਸ਼ ਦਿੰਦਾ ਮੈਂ ਹਮੇਸ਼ਾਂ ਦੇਖਿਐ,
ਜਦ ਕਿ ਗ਼ਲਤੀ ਆਪਣੀ ਹੈ ਆਦਮੀ ਨੂੰ ਮਾਰਦੀ।

ਲੋਕਸ਼ਾਹੀ ਨਾ ਰਹੀ 'ਸੱਗੂ' ਜੀ ਅਪਣੇ ਦੇਸ਼ ਵਿਚ,
ਗੱਲ ਕਰਨੀ ਹੋ ਗਈ ਮੁਸ਼ਕਿਲ ਹੈ ਹੁਣ ਅਧਿਕਾਰ ਦੀ।

## ਸਿਤਮਗਰ

ਸਿਤਮਗਰ ਨੂੰ ਆਖੋ ਕਿ ਖ਼ੰਜਰ ਉਠਾਏ।
ਕਤਲ ਕਰਨੈ ਮੇਰਾ ਤਾਂ ਦੇਰੀ ਨਾ ਲਾਏ।

ਮੁਹੱਬਤ ਦੀ ਖ਼ਾਤਿਰ ਜਿਨ੍ਹਾਂ ਸਿਰ ਕਟਾਏ।
ਉਨ੍ਹਾਂ ਜ਼ਿੰਦਗੀ ਦੇ ਸਦਾ ਭੇਤ ਪਾਏ।

ਨਾ ਭੁੱਲਦੇ ਭੁਲਾਇਆਂ, ਭੁਲਾਉਂਦਾਂ ਬੜਾ ਮੈਂ,
ਜਵਾਨੀ 'ਚ ਉਲਫ਼ਤ ਦੇ ਨਗ਼ਮੇਂ ਜੋ ਗਾਏ।

ਤਿਰੇ ਆਉਂਣ ਦੀ ਜਦ ਖ਼ਬਰ ਮੈਂ ਸੁਣਾਂਗਾ,
ਹੈ ਸੰਭਵ ਕਿ ਦਿਲ ਮੇਰਾ ਪਾਗਲ ਹੋ ਜਾਏ।

ਉਹ ਇੱਕ ਰੰਗ ਦੇ ਚਾਹ ਰਹੇ ਨੇ ਬਨੇਰੇ,
ਇਸੇ ਲਈ ਉਨ੍ਹਾਂ ਘਰ ਨੇ ਸਾਡੇ ਜਲਾਏ।

ਉਦ੍ਹੇ ਪਿਆਰ ਦੀ ਮਹਿਕ ਫ਼ੈਲੀ ਹੈ ਏਦਾਂ,
ਕੋਈ ਜਿਉਂ ਬਹਾਰਾਂ ਦੇ ਘੂੰਗਟ ਉਠਾਏ।

ਮੇਰਾ ਹੌਂਸਲਾ ਫੇਰ ਤੋਂ ਜਾਗ ਉਠਿਆ,
ਮੇਰੇ ਘਰ ਟਟਹਿਣੇ ਜਦੋਂ ਟਿਮਟਮਾਏ।

ਨਾ ਮੁਸ਼ਕਿਲ 'ਚ ਯਾਰਾਂ ਨੂੰ ਕਰ ਯਾਦ 'ਸੱਗੂ'
ਨਾ ਅਪਣੇ ਬਣੇ ਰਾਤ ਨੂੰ ਅਪਣੇ ਸਾਏ।

## ਸੁਲਘਦੇ

ਸੁਲਘਦੇ ਹਨ ਬੋਲ ਕਵਿਤਾ ਵਿਚ ਨਹੀਂ ਅਹਿਸਾਸ ਕੋਈ।
ਨਾ ਕਿਸੇ ਹੀ ਭਾਵ ਵਿੱਚੋਂ ਨਿੱਘ ਆਵੇ ਖ਼ਾਸ ਕੋਈ।

ਮਹਿਕਦਾ ਗੁਲਜ਼ਾਰ ਸੀ ਇਕ, ਜਦ ਬੁਰੇ ਦਿਨ ਆਉਣ ਲੱਗੇ,
ਮੇਰਿਆਂ ਚਾਵਾਂ ਨੂੰ ਆ ਕੇ ਦੇ ਗਿਆ ਸਲਫ਼ਾਸ ਕੋਈ।

ਅਜ ਸਮੇਂ ਦੀ ਤੋਰ ਨੇ ਕੁਝ ਇਸ ਤਰ੍ਹਾਂ ਰੁਖ਼ ਬਦਲਿਆ ਹੈ,
ਰੋਜ਼ ਮਰੀਏ, ਰੋਜ਼ ਉਗੀਏ, ਨਾ ਬਚੀ ਹੈ ਆਸ ਕੋਈ।

ਸ਼ਾਂਤ ਆਉਂਦੀ ਹੈ ਨਜ਼ਰ ਪਰ ਅੰਦਰੋਂ ਉਹ ਖ਼ੌਲਦੀ ਹੈ,
ਇਕ ਨਦੀ ਵਹਿੰਦੀ ਹੈ ਮੇਰੇ ਆਲ੍ਹਣੇ ਦੇ ਪਾਸ ਕੋਈ।

ਓਸ ਦਾ ਸਾਇਆ ਮੇਰੇ ਚਿਹਰੇ ਦੇ ਉੱਤੇ ਪੈ ਰਿਹਾ ਹੈ,
ਜਾਪਦਾ ਹੈ ਜ਼ਿੰਦਗੀ ਤੋਂ ਜਾ ਰਿਹੈ ਬੇਆਸ ਕੋਈ।

ਹੈ ਨਹੀਂ ਰੌਣਕ ਜ਼ਰਾ ਵੀ, ਆਲ੍ਹਣਾ ਖ਼ਾਲੀ ਪਿਆ ਹੈ,
ਲੱਗ ਰਿਹੈ ਇਸ ਰੁੱਖ ਉੱਤੋਂ ਕਰ ਗਿਆ ਪਰਵਾਸ ਕੋਈ।

ਕਾਫ਼ੀਏ ਨਾ ਮੇਲ ਇਸ ਦਾ ਫ਼ਾਇਦਾ ਕੁਝ ਵੀ ਨਹੀਂ ਹੈ,
ਲਿਖ ਗ਼ਜ਼ਲ ਵਖਰੀ ਜੇ 'ਸੱਗੂ' ਸਿਰਜਣਾ ਇਤਿਹਾਸ ਕੋਈ।

## ਦਿਲ ਮੇਰੇ

ਦਿਲ ਮੇਰੇ ਦੀ ਰੀਝ ਬੜੀ ਸੀ ਸੁਰਖ਼ ਜਿਹਾ ਇਕ ਰੰਗ ਮਿਲੇ।
ਐਪਰ ਮੈਨੂੰ ਰਸਤੇ ਵਿਚ ਸਭ ਲੋਕੀਂ ਦਿਲ ਦੇ ਤੰਗ ਮਿਲੇ।

ਰਿਸ਼ਤੇ ਨਾਤੇ ਸਾਰੀ ਦੁਨੀਆਂਦਾਰੀ ਦੇ ਵਿਚ ਬੱਝੇ ਹਨ,
ਮੇਰਾ ਦਿਲ ਚਾਹੁੰਦਾ ਹੈ ਮੈਨੂੰ ਕੋਈ ਮਸਤ ਮਲੰਗ ਮਿਲੇ।

ਅਪਣੇ ਘਰ ਦੀ ਜਦ ਵੀ ਕਿਧਰੇ ਫੋਲਾ ਫਾਲੀ ਕਰਦਾ ਹਾਂ,
ਕਿਤਿਓਂ ਉਸ ਦਾ ਖ਼ਤ ਮਿਲਦਾ ਹੈ, ਕਿਤਿਓਂ ਉਸ ਦੀ ਵੰਗ ਮਿਲੇ।

ਅਪਣਾ ਪਿਆਰਾ ਜਾਣ ਕੇ ਜਿਸ ਨੂੰ ਹੱਥੀਂ ਦੁੱਧ ਪਿਲਾਇਆ ਸੀ,
ਉਸ ਨੇ ਮੈਨੂੰ ਧੋਖਾ ਦਿਤਾ, ਉਸ ਤੋਂ ਮੈਨੂੰ ਡੰਗ ਮਿਲੇ।

ਪੌਣ ਮਿਟਾ ਗਈ ਅੰਬਰ ਦੇ ਵਿਚ ਅਪਣੇ ਵਿਚਲੀ ਦੂਰੀ ਨੂੰ,
ਤੇਰੇ ਮੇਰੇ ਵੇਖ ਕਿਵੇਂ ਇਕ ਦੂਜੇ ਨਾਲ ਪਤੰਗ ਮਿਲੇ।

ਕਾਹਦੀ ਕਿਰਤ ਕਮਾਈ ਸਾਡੀ ਕਾਹਦਾ ਸਾਡਾ ਜੀਵਨ ਹੈ,
ਮਿਹਨਤ ਕਰਕੇ ਵੀ ਸਾਨੂੰ ਜੇ ਰੋਟੀ ਨਾ ਦੋ ਡੰਗ ਮਿਲੇ।

ਲੀਰਾਂ ਵਿੱਚੋਂ ਇੱਥੇ ਅਜ ਵੀ ਗ਼ੁਰਬਤ ਨਜ਼ਰੀਂ ਆਉਂਦੀ ਹੈ,
'ਸੱਗੂ' ਰਾਹ ਵਿਚ ਚੱਲਦਿਆਂ ਨੂੰ ਹਰ ਚਿਹਰਾ ਬੇਰੰਗ ਮਿਲੇ।

## ਗੱਲ ਹਮੇਸ਼ਾਂ

ਗੱਲ ਹਮੇਸ਼ਾਂ ਹੋਛੀ ਕਰਦਾ ਹੋਛਾ ਬੰਦਾ ਅਕਸਰ।
ਜ਼ਰਦਾਰਾਂ ਦਾ ਪਾਣੀ ਭਰਦਾ ਹੋਛਾ ਬੰਦਾ ਅਕਸਰ।

ਇਸ ਪਾਸੇ ਬਹਿੰਦਾ ਹੈ ਕਿਧਰੇ ਉਸ ਪਾਸੇ ਬਹਿੰਦਾ ਹੈ,
ਹਰ ਗੱਲ ਉੱਤੇ ਪਾਵੇ ਪਰਦਾ ਹੋਛਾ ਬੰਦਾ ਅਕਸਰ।

ਅਪਣੀ ਹੀ ਤਾਰੀਫ਼ ਹਮੇਸ਼ਾਂ ਚਾਹਵੇ ਦੁਨੀਆਂ ਕੋਲੋਂ,
ਜਿਤ ਕੇ ਵੀ ਰਹਿੰਦਾ ਏ ਹਰਦਾ ਹੋਛਾ ਬੰਦਾ ਅਕਸਰ।

ਬੇਖ਼ੌਫ਼ੀ ਦਾ ਉਂਜ ਦਿਖਾਵਾ ਕਰਦਾ ਹੈ ਹਰ ਵੇਲੇ,
ਰਹਿੰਦਾ ਹੈ ਅੰਦਰ ਤੋਂ ਡਰਦਾ ਹੋਛਾ ਬੰਦਾ ਅਕਸਰ।

ਨਾ ਮੌਸਮ ਲਗਦਾ ਹੈ ਚੰਗਾ, ਨਾ ਕੋਈ ਰੁੱਤ ਭਾਵੇ,
ਨਾ ਗਰਮੀ ਨਾ ਸਰਦੀ ਜਰਦਾ ਹੋਛਾ ਬੰਦਾ ਅਕਸਰ।

ਸਰਦੀ ਦੇ ਵਿਚ ਗਰਮੀ ਮੰਨੇ ਬਾਰਿਸ਼ ਦੇ ਵਿਚ ਸੋਕਾ,
ਨਾ ਖ਼ੁਸ਼ੀਆਂ ਨਾ ਗ਼ਮੀਆਂ ਜਰਦਾ ਹੋਛਾ ਬੰਦਾ ਅਕਸਰ।

ਸਾਗਰ ਤਰਨੇ ਦਾ ਦਾਅਵਾ ਨਿਤ ਕਰਦਾ ਰਹਿੰਦਾ 'ਸੱਗੂ'
ਐਪਰ ਛੱਲਾਂ ਤਕ ਕੇ ਠਰਦਾ ਹੋਛਾ ਬੰਦਾ ਅਕਸਰ।

## ਖ਼ੁਦ ਨੂੰ

ਖ਼ੁਦ ਨੂੰ ਹਨ ਦਿਨ ਰਾਤ ਵਿਚਾਰੇ ਜਾਲ ਰਹੇ।
ਦਿਲ ਅਪਣੇ ਵਿਚ ਨਫ਼ਰਤ ਹਨ ਜੋ ਪਾਲ ਰਹੇ।

ਚੋਗਾ ਚੁਗ ਕੇ ਪਰਤ ਗਏ ਹਨ ਸਭ ਪੰਛੀ,
ਸੂਰਜ ਲੱਥਣ ਤਕ ਜੋ ਸਾਡੇ ਨਾਲ ਰਹੇ।

ਨ੍ਹੇਰੇ ਵਿਚ ਜੋ ਜੁਗਨੂੰ ਜਗਮਗ ਕਰਦੇ ਹਨ,
ਉਹ ਇਕ ਹੋਰ ਨਵਾਂ ਸੂਰਜ ਹਨ ਭਾਲ ਰਹੇ।

ਉਹਨਾਂ ਮਹਿਕਾਂ, ਫੁੱਲਾਂ ਤੋਂ ਕੀ ਲੈਣਾ ਹੈ!
ਜਿਹੜੇ ਲੋਕੀਂ ਤਲਵਾਰਾਂ ਨੂੰ ਪਾਲ ਰਹੇ।

ਕੀ ਕਹੀਏ, ਹੁਣ ਚੁੱਪ ਰਹਿਣਾ ਹੀ ਚੰਗਾ ਹੈ,
ਰਾਵਣ ਅਜ ਕਲ੍ਹ ਰਾਵਣ ਨੂੰ ਹਨ ਜਾਲ ਰਹੇ।

ਤਖ਼ਤੀ ਅਪਣੇ ਨਾਂ ਦੀ ਟੰਗੀ ਜਾਂਦੇ ਹਨ,
ਉਹ ਬੁੱਤਾਂ ’ਤੇ ਸਾਡਾ ਪੈਸਾ ਗਾਲ ਰਹੇ।

ਦਿਨ ਤੇ ਰਾਤ ਮੁਸ਼ੱਕਤ ਕਰਦਾ ਰਹਿਨਾ ਏਂ,
‘ਸੱਗੂ’ ਫਿਰ ਕਿਉਂ ਤੇਰਾ ਮੰਦਾ ਹਾਲ ਰਹੇ।

## ਚਿੜੀਆਂ ਦਾ

ਚਿੜੀਆਂ ਦਾ ਵਿਹੜੇ ਵਿਚ ਆਉਣਾ ਚੰਗਾ ਲਗਦਾ ਹੈ।
ਮੈਨੂੰ ਨਾਲ ਉਨ੍ਹਾਂ ਦੇ ਗਾਉਣਾ ਚੰਗਾ ਲਗਦਾ ਹੈ।

ਲੁਤਫ਼ ਬੜਾ ਆਉਂਦਾ ਹੈ ਮੈਨੂੰ ਪੀੜਾਂ ਵਿੱਚੋਂ ਹੁਣ,
ਮੈਨੂੰ ਖ਼ੁਦ ’ਤੇ ਹੀ ਮੁਸਕਾਉਣਾ ਚੰਗਾ ਲਗਦਾ ਹੈ।

ਚੁਗ਼ਲੀ ਨਿੰਦਾ ਕਰਨਾ ਸ਼ੌਕ ਰਿਹਾ ਏ ਕਈਆਂ ਦਾ,
ਕਈਆਂ ਨੂੰ ਥਾਂ ਥਾਂ ਅੱਗ ਲਾਉਣਾ ਚੰਗਾ ਲਗਦਾ ਹੈ।

ਤਿੱਤਲੀਆਂ ਨੂੰ ਰੰਗ ਬੜੇ ਹੀ ਪਿਆਰੇ ਲਗਦੇ ਹਨ,
ਕੋਇਲ ਨੂੰ ਜੋ ਨਗ਼ਮੇਂ ਗਾਉਣਾ ਚੰਗਾ ਲਗਦਾ ਹੈ।

ਮੇਰਾ ਮਜ਼ਹਬ ਪਿਆਰ ਮੁਹੱਬਤ ਹੈ, ਕੁਝ ਹੋਰ ਨਹੀਂ,
ਮੈਨੂੰ ਦੁਸ਼ਮਣ ਯਾਰ ਬਣਾਉਣਾ ਚੰਗਾ ਲਗਦਾ ਹੈ।

ਮੈਨੂੰ ਦੁਨੀਆਂ ’ਤੇ ਇਤਬਾਰ ਨਹੀਂ ਹੈ ਭੋਰਾ ਵੀ,
ਦੀਵਾਰਾਂ ਨੂੰ ਹਾਲ ਸੁਣਾਉਣਾ ਚੰਗਾ ਲਗਦਾ ਹੈ।

‘ਸੱਗੂ’ ਫੁੱਲਾਂ ਨਾਲ ਵੀ ਮੇਰਾ ਵੈਰ ਨਹੀਂ ਕੋਈ,
ਪਰ ਸੂਲਾਂ ਦੇ ਵਸਤਰ ਪਾਉਣਾ ਚੰਗਾ ਲਗਦਾ ਹੈ।

## ਦੇਖਾਂ ਖ਼ੁਦ ਨੂੰ

ਦੇਖਾਂ ਖ਼ੁਦ ਨੂੰ ਸ਼ੀਸ਼ੇ ਵਿਚ ਕਿਉਂ, ਅਪਣਾ ਕਿਉਂ ਪਰਛਾਵਾਂ ਦੇਖਾਂ।
ਜਦ ਮੈਂ ਅਪਣੇ ਆਸੇ ਪਾਸੇ, ਨਿੱਤ ਨਵੀਂਆਂ ਘਟਨਾਵਾਂ ਦੇਖਾਂ।

ਭੁੱਖੇ ਬੱਚੇ ਮਜਬੂਰੀ ਵਸ ਪਰਦੇਸਾਂ ਵਿਚ ਜਾ ਬੈਠੇ ਹਨ,
ਦੇਖ ਰਿਹਾ ਮੈਂ ਬਾਲ ਉਦਾਸੇ, ਹੰਝੂ ਹੰਝੂ ਮਾਵਾਂ ਦੇਖਾਂ।

ਮੇਰੇ ਵਿਹੜੇ ਦੇ ਰੁੱਖਾਂ ਨੂੰ, ਰੱਬ ਜਾਣੇ ਇਹ ਕੀ ਹੋਇਆ ਹੈ,
ਹਰ ਇਕ ਟਾਹਣੀ ਖ਼ਾਲੀ ਖ਼ਾਲੀ, ਟੋਟੇ ਟੋਟੇ ਛਾਵਾਂ ਦੇਖਾਂ।

ਮੇਰੇ 'ਤੇ ਇਲਜ਼ਾਮ ਲਗਾਉਂਦੇ ਨੇ ਜਿਹੜਾ, ਉਹ ਮੂੰਹ 'ਤੇ ਦੱਸਣ,
ਮੈਂ ਵੀ ਅਪਣੇ ਅੱਖੀਂ, ਕਿੱਦਾਂ ਦਿੰਦੇ ਯਾਰ ਸਜ਼ਾਵਾਂ ਦੇਖਾਂ।

ਜਾਣ ਸਮੇਂ ਤੂੰ ਦਸਿਆ ਵੀ ਨਾ, ਕਿੱਥੋਂ ਭਾਲ ਕਰਾਂ ਮੈਂ ਤੇਰੀ,
ਕਿਸ ਦੇ ਕੋਲੋਂ ਪੁੱਛਾਂ, ਕਿੱਥੋਂ ਮੈਂ ਤੇਰਾ ਸਿਰਨਾਵਾਂ ਦੇਖਾਂ।

ਜਿਹੜੀ ਥਾਂ ਵਿਛੜੇ ਸਾਂ ਆਪਾਂ, ਦਿਲ ਦੇ ਸ਼ੀਸ਼ੇ ਟੁੱਟ ਗਏ ਸਨ,
ਜਦ ਮੇਰਾ ਦਿਲ ਜ਼ਿੱਦ ਕਰਦਾ ਹੈ, ਮੁੜ ਮੁੜ ਮੈਂ ਉਹ ਥਾਵਾਂ ਦੇਖਾਂ।

ਗ਼ਜ਼ਲਾਂ ਦੇ ਪੰਛੀ ਐ 'ਸੱਗੂ' ਜਾਂਦੇ ਨਾ ਪਹਿਚਾਣੇ ਮੈਥੋਂ,
ਉਲਝੀ ਤਾਣੀ ਵਾਂਗੂੰ ਮੈਂ ਹੁਣ, ਪੰਜਾਬੀ ਕਵਿਤਾਵਾਂ ਦੇਖਾਂ।

## ਛੁਪ ਛੁਪ

ਛੁਪ–ਛੁਪ ਕੇ ਉਹ ਰੋਂਦਾ ਸੀ ਲੋਕਾਂ ਨੂੰ ਲਗਦਾ ਹਸਦਾ ਸੀ।
ਇਕ ਚਿਹਰਾ ਜੋ ਗੁਜ਼ਰੇ ਵੇਲੇ, ਦਿਲ ਮੇਰੇ ਵਿਚ ਵਸਦਾ ਸੀ।

ਹੁਣ ਤਾਂ ਆਪਾਂ ਰਾਤ ਦਿਨੇ, ਤੜਪਣ ਦੇ ਆਦੀ ਹੋ ਗਏ ਹਾਂ,
ਉਹ ਵੀ ਦਿਨ ਸਨ ਜਦ ਬਿਰਹੋਂ ਦਾ, ਸੱਪ ਮੁੜ ਮੁੜ ਕੇ ਡਸਦਾ ਸੀ।

ਮਨ–ਅੜੀਅਲ ਹੁਣ ਕਾਬੂ ਵਿਚ ਹੈ, ਜਗ ਤੋਂ ਠੋਕਰ ਖਾ ਖਾ ਕੇ,
ਪਹਿਲਾਂ ਤਾਂ ਇਹ ਚੰਚਲ ਸੀ ਤੇ ਦੂਰ ਅਸਾਂ ਤੋਂ ਨਸਦਾ ਸੀ।

ਹੋਂਦ ਮਿਟੀ ਜਦ ਮੇਰੀ, ਇਸ ਦੇ ਮੂੰਹ ਨੂੰ ਤਾਲੇ ਲੱਗੇ ਨੇ,
ਮੇਰਾ ਹੀ ਪਰਛਾਵਾਂ ਮੈਨੂੰ ਤਾਹਨੇ ਮਿਹਣੇ ਕਸਦਾ ਸੀ।

ਏਸ ਜ਼ਮਾਨੇ ਵਿਚ ਲਗਦਾ ਹੈ ਮੈਨੂੰ ਉਹ ਵੀ ਗੁੰਮ ਗਿਐ,
ਬੀਤੇ ਵਿਚ ਵੀ ਪਿਆਰ ਮੁਹੱਬਤ ਇਕ ਦਾਣਾ ਖ਼ਸਖ਼ਸ ਦਾ ਸੀ।

ਪੁੱਤਰ 'ਸੱਗੂ' ਚੁੱਪ ਰਹੀਦੈ, ਮਤਲਬ ਵੇਲੇ ਬੋਲੀ ਦਾ,
ਦੁਨੀਆਂ ਵਿਚ ਜਦ ਜਿਊਂਦਾ ਸੀ ਤਾਂ ਮੇਰਾ ਬਾਪੂ ਦਸਦਾ ਸੀ।

## ਡਰ ਜੇ

ਡਰ, ਜੇ ਅਪਣੀ ਹਾਰ ਨਹੀਂ, ਤਾਂ ਹੋਰ ਕੀ ਹੈ।
ਦਹਿਸ਼ਤ ਰੂਹ 'ਤੇ ਭਾਰ ਨਹੀਂ, ਤਾਂ ਹੋਰ ਕੀ ਹੈ।

ਜਿੱਥੇ ਸ਼ਰਧਾ ਦਾ ਮੁੱਲ ਵੱਟਿਆ ਜਾਂਦਾ ਏ,
ਮਜ਼ਹਬ ਹੁਣ ਬਾਜ਼ਾਰ ਨਹੀਂ, ਤਾਂ ਹੋਰ ਕੀ ਹੈ।

ਰੰਗ-ਨਸਲ, ਜਾਤਾਂ ਵਿਚ ਦੁਨੀਆਂ ਵੰਡ ਦਿੱਤੀ,
ਸਾਡੇ ਲਈ ਵੰਗਾਰ ਨਹੀਂ, ਤਾਂ ਹੋਰ ਕੀ ਹੈ।

ਪਹਿਰਾਵੇ ਤੋਂ ਦਿਸ ਪੈਂਣੇ ਹਨ ਦੰਗਾਈ,
ਉਸ ਦੀ ਇਹ ਤਕਰਾਰ ਨਹੀਂ, ਤਾਂ ਹੋਰ ਕੀ ਹੈ।

ਸਾਹ ਲੈਣਾ ਵੀ ਔਖਾ ਏਸ ਫ਼ਜ਼ਾ ਅੰਦਰ,
ਜੀਣਾ ਹੁਣ ਬੇਕਾਰ ਨਹੀਂ, ਤਾਂ ਹੋਰ ਕੀ ਹੈ।

ਅੱਗੇ ਦੀ ਥਾਂ ਤੁਰਦਾ ਹੈ ਇਹ ਪਿੱਛੇ ਨੂੰ,
ਵਕਤ ਵੀ ਹੁਣ ਲਾਚਾਰ ਨਹੀਂ, ਤਾਂ ਹੋਰ ਕੀ ਹੈ।

ਜਿਸ ਨੇ ਕੱਫ਼ਨ ਵੇਚੇ ਭਰਿਆ ਘਰ ਅਪਣਾ,
'ਸੱਗੂ' ਉਹ ਗ਼ੱਦਾਰ ਨਹੀਂ, ਤਾਂ ਹੋਰ ਕੀ ਹੈ।

## ਬੜੇ ਬੇ-ਦਰਦ

ਬੜੇ ਬੇਦਰਦ ਹਨ ਲੋਕੀਂ ਬੜਾ ਬੇਜ਼ਾਰ ਕਰਦੇ ਨੇ।
ਕਦੀ ਨਾ ਸਾਹਮਣੇ ਆਉਂਦੇ ਇਹ ਪਿੱਛੋਂ ਵਾਰ ਕਰਦੇ ਨੇ।

ਕਦੀ ਵੀ ਫ਼ੈਸਲਾ ਇਹਨਾਂ ਦਾ ਮੈਂ ਸਾਂਝਾ ਨਹੀਂ ਤਕਿਆ,
ਕਦਮ ਮੇਰੇ ਤੇ ਦਿਲ ਮੇਰਾ ਸਦਾ ਤਕਰਾਰ ਕਰਦੇ ਨੇ।

ਮੈਂ ਗ਼ੈਰਾਂ ਨੂੰ ਬੁਰਾ ਆਖਾਂ ਕਿਵੇਂ, ਦੱਸੋ ਤੁਸੀਂ ਮੈਨੂੰ,
ਜਦੋਂ ਅਪਣੇ ਹੀ ਮੇਰੀ ਜ਼ਿੰਦਗੀ ਦੁਸ਼ਵਾਰ ਕਰਦੇ ਨੇ।

ਅਜੋਕੇ ਵਕਤ ਵਿਚ ਉਹ ਮਾਰ ਖਾਵਣਗੇ ਯਕੀਨਨ ਹੀ,
ਵਿਤੋਂ ਬਾਹਰਾ ਜੋ ਅਪਣੇ ਆਪ ਤੇ ਇਤਬਾਰ ਕਰਦੇ ਨੇ।

ਮੈਂ ਸੱਚ ਕਹਿਨਾਂ, ਇਕੱਲਾ ਜ਼ੋਰ ਹੀ ਕਾਫ਼ੀ ਨਹੀਂ ਹੁੰਦਾ,
ਹਮੇਸ਼ਾਂ ਹੌਸਲੇ ਡੂੰਘੇ ਸਮੁੰਦਰ ਪਾਰ ਕਰਦੇ ਨੇ।

ਬੜਾ ਬੇਖ਼ੌਫ਼ ਹੋ ਕੇ ਦਿਲ ਉਦੋਂ ਇਹ ਮੁਸਕਰਾਉਂਦਾ ਹੈ,
ਜਦੋਂ ਉਹ ਜੋਸ਼ ਵਿਚ ਆ ਕੇ ਮੇਰੇ 'ਤੇ ਵਾਰ ਕਰਦੇ ਨੇ।

ਬੁਰਾ ਕਹਿੰਦੇ ਨੇ ਮੈਨੂੰ ਓਪਰੇ ਮਨ ਤੋਂ ਹੀ ਐ 'ਸੱਗੂ'
ਪਤੈ ਮੈਨੂੰ, ਉਹ ਪਰ ਅੰਦਰ ਤੋਂ ਮੈਨੂੰ ਪਿਆਰ ਕਰਦੇ ਨੇ।

## ਮੁਸ਼ਕਿਲ

ਮੁਸ਼ਕਿਲ ਨਾਲ ਜਿਨ੍ਹਾਂ ਨੂੰ ਰਸਤੇ ਦਿਸਦੇ ਨੇ।
ਉਹਨਾਂ ਨੂੰ ਤਾਂ ਫੁੱਲ ਵੀ ਕੰਡੇ ਦਿਸਦੇ ਨੇ।

ਮਜ਼ਹਬ ਵੀ ਲਗਦੈ ਹੁਣ ਮਹਿਜ਼ ਛਲਾਵਾ ਹੈ,
ਦੰਗਾਕਾਰੀ ਹਰ ਥਾਂ ਘੁੰਮਦੇ ਦਿਸਦੇ ਨੇ।

ਮੈਂ ਕਾਗ਼ਜ਼ ਦੇ ਫੁੱਲ 'ਚੋਂ ਖ਼ੁਸ਼ਬੂ ਭਾਲ ਰਿਹਾਂ,
ਚੇਤਰ ਵਿਚ ਵੀ ਮੈਨੂੰ ਸੋਕੇ ਦਿਸਦੇ ਨੇ।

ਮੇਰੇ ਪੈਰੀਂ ਬੇੜੀ ਛਣ ਛਣ ਕਰਦੀ ਹੈ,
ਉਹਨਾਂ ਨੂੰ ਜੋ ਗਹਿਣੇ ਪਾਏ ਦਿਸਦੇ ਨੇ।

ਤਿੱਤਰ ਦੁਬਕੇ ਬੈਠੇ ਹਨ ਸਭ ਫ਼ਸਲਾਂ ਵਿਚ,
ਹਰ ਬੰਨੇ 'ਤੇ ਸ਼ਿਕਰੇ ਫਿਰਦੇ ਦਿਸਦੇ ਨੇ।

ਜਲ਼ ਜਾਏਂਗਾ, ਜੇ ਨਾ ਤੇਰੀ ਅੱਖ ਖੁਲ੍ਹੀ,
ਤੇਰੇ ਬਿਸਤਰ ਹੇਠ ਫਲੂਹੇ ਦਿਸਦੇ ਨੇ।

ਭੱਜ ਰਹੀ ਹੈ ਦੁਨੀਆਂ, ਮੈਨੂੰ ਮੈਨੂੰ ਜਾਪ ਰਿਹੈ,
'ਸੱਗੂ' ਵਰਗੇ ਵੀ ਕੁਝ ਕਮਲੇ ਦਿਸਦੇ ਨੇ।

# ਇਕ ਮੁੱਦਤ

ਇਕ ਮੁੱਦਤ ਤੀਕਰ ਸੀ ਜਿਹੜੇ ਇਕ ਦੂਜੇ ਦੇ ਨਾਲ ਰਹੇ।
ਜੰਗਲ ਦੇ ਖੰਡਰ 'ਚੋਂ ਜੁਗਨੂੰ ਉਹ ਸਾਥੀ ਹਨ ਭਾਲ ਰਹੇ।

ਅਗਨੀ ਸਾੜ ਗਈ ਏ ਕਿੰਨੇ ਵੱਡੇ ਵੱਡੇ ਰੁੱਖਾਂ ਨੂੰ,
ਇਸ ਧਰਤੀ ਨੂੰ ਮਹਿਕਾਉਂਦੇ ਸਨ ਜਿਹੜੇ ਸੈਆਂ ਸਾਲ ਰਹੇ।

ਉਹਨਾਂ ਨੂੰ ਇਨਸਾਨ ਕਹਾਉਂਣੇ ਦਾ ਕੋਈ ਵੀ ਹੱਕ ਨਹੀਂ,
ਅਪਣੇ ਘਰ ਦੀ ਖ਼ਾਤਰ ਜਿਹੜੇ ਆਲ੍ਹਣਿਆਂ ਨੂੰ ਜਾਲ ਰਹੇ।

ਰੋਕ ਨਹੀਂ ਸਕਦਾ ਫਿਰ ਕੋਈ ਪੁਜ ਜਾਵਾਂਗਾ ਮੰਜ਼ਿਲ ਤਕ,
ਜੇ ਹੱਥਾਂ ਵਿਚ ਹੱਥ ਰਹੇ ਤੇ ਅਪਣੀ ਤਿੱਖੀ ਚਾਲ ਰਹੇ।

ਤੂੰ ਪਾਉਂਦਾ ਏਂ ਜਾਮ ਜਦੋਂ ਤਾਂ ਹੇਰਾਫੇਰੀ ਕਰਦਾ ਏਂ,
ਸਾਕੀ ਤੇਰੀ ਮਹਿਫ਼ਿਲ ਦੇ ਵਿਚ ਤਾਂ ਹੀਂ ਨਿੱਤ ਵਬਾਲ ਰਹੇ।

ਉਹਨਾਂ 'ਤੇ ਇਲਜ਼ਾਮ ਲਗਾਇਆ ਹੈ ਤੂੰ ਕਾਤਿਲ ਹੋਣੇ ਦਾ,
ਨ੍ਹੇਰੇ ਵਿਚ ਸਭ ਮੋੜਾਂ ਉੱਤੇ ਜਿਹੜੇ ਦੀਵੇ ਬਾਲ ਰਹੇ।

ਕਰ ਪ੍ਰਯੋਗ ਨਵੇਂ ਐ 'ਸੱਗੂ' ਇਹ ਗੱਲ ਨਾ ਭੁਲ ਜਾਵੀਂ ਤੂੰ,
ਤੇਰੀਆਂ ਗ਼ਜ਼ਲਾਂ ਅੰਦਰ ਪਹਿਲਾਂ ਵਰਗਾ ਹੀ ਸੁਰਤਾਲ ਰਹੇ।

## ਬੰਦਾ ਅਜ ਦਾ

ਬੰਦਾ ਅੱਜ ਦਾ ਗਿਰਗਿਟ ਵਾਂਗੂੰ ਰੰਗ ਵਟਾਉਂਦਾ ਵੇਖ ਕਿਵੇਂ।
ਨਾਟਕ ਐਸੇ ਕਰਦਾ ਕਿੰਨੇ ਭੇਸ ਵਟਾਉਂਦਾ ਵੇਖ ਕਿਵੇਂ।

ਇਸ ਗੁਲਸ਼ਨ ਦਾ ਮਾਲੀ ਚਾਹਵੇ ਇੱਕ ਨਸਲ ਦੇ ਫੁੱਲਾਂ ਨੂੰ,
ਦੂਸਰਿਆਂ ਦੇ ਬਾਰੇ ਇਹ ਨਫ਼ਰਤ ਫ਼ੈਲਾਉਂਦਾ ਵੇਖ ਕਿਵੇਂ।

ਲਗਦਾ ਹੈ, ਹੁਣ ਸਾਗਰ ਵਿੱਚੋਂ ਲਾਵਾ ਫੁੱਟਣ ਵਾਲਾ ਹੈ,
ਚਾਨਣ ਹੈ ਖ਼ਾਮੋਸ਼, ਮਗਰ ਇਹ ਖ਼ੌਰੂ ਪਾਉਂਦਾ ਵੇਖ ਕਿਵੇਂ।

ਫ਼ਿਰਕੂ ਦੈਂਤ ਸਮੇਂ ਦਾ ਥਾਂ ਥਾਂ ਮਾਸ ਅਲੂਣਾ ਭਾਲ ਰਿਹੈ,
ਮਾਸੂਮਾਂ ਦੀ, ਮਜਬੂਰਾਂ ਦੀ ਰੱਤ ਵਹਾਉਂਦਾ ਵੇਖ ਕਿਵੇਂ।

ਹਉਕੇ-ਹਾਵੇ ਝੋਲੀ ਪਾ ਕੇ ਅਕਸਰ ਉਹ ਤੁਰ ਜਾਂਦਾ ਹੈ,
ਐਪਰ ਸਾਡੇ ਉੱਤੇ ਫਿਰ ਵੀ ਤੁਹਮਤ ਲਾਉਂਦਾ ਵੇਖ ਕਿਵੇਂ।

ਐ ਦਿਲ, ਤੂੰ ਦੋ ਗਿੱਠਾਂ ਤੁਰ ਕੇ ਰਸਤੇ ਦੇ ਵਿਚ ਹੰਭ ਗਿਐਂ,
ਅੰਬਰ ਉੱਤੇ ਪੰਛੀ ਅਪਣੀ ਵਾਟ ਮੁਕਾਉਂਦਾ ਵੇਖ ਕਿਵੇਂ।

ਜੰਗਲ ਵਿਚ ਸੜਿਆਂ ਰੁੱਖਾਂ ਨੇ ਅੰਗੜਾਈ ਭਰ ਲੈਣੀ ਹੈ,
'ਸੱਗੂ' ਬੱਦਲ ਹਰ ਪਾਸੇ ਤੋਂ ਚੜ੍ਹਿਆ ਆਉਂਦਾ ਵੇਖ ਕਿਵੇਂ।

## ਤਲਵਾਰਾਂ

ਤਲਵਾਰਾਂ, ਨੇਜੇ ਤੇ ਖ਼ੰਜਰ।
ਮੈਨੂੰ ਲੱਗਣ ਫੁੱਲਾਂ ਵਾਂਗਰ।

ਨ੍ਹੇਰੇ ਵਿਚ ਮੈਂ ਹੰਝੂ-ਹੰਝੂ,
ਜੁਗਨੂੰ-ਜੁਗਨੂੰ ਹੋਇਆ ਅੰਬਰ।

ਦਿਨ ਚੜ੍ਹਿਆ ਤਾਂ ਹੱਥ ਨਾ ਆਏ,
ਸੁਪਨੇ ਵਿਚ ਜੋ ਦੇਖੇ ਮੰਜ਼ਰ।

ਹਰ ਪਾਸੇ ਦੰਗਾ ਹੀ ਦੰਗਾ,
ਲੁੱਟ ਰਹੇ ਲੋਕਾਂ ਨੂੰ ਰਹਿਬਰ।

ਐ ਦਿਲ ਲੱਭ ਨਾ ਲਾਲ ਗੁਆਚੇ,
ਨਾ ਚੇਤੇ ਕਰ ਤੁਰ ਗਏ ਮਿੱਤਰ।

ਅੰਕੁਰ ਫੁੱਟ ਪਏ ਬੀਜਾਂ ’ਚੋਂ,
ਇਹਨਾਂ ਉੱਤੇ ਰੱਖ ਨਾ ਪੱਥਰ।

ਸ਼ਹਿਰ ਤੇਰਾ ਮੈਂ ਛੋਹ ਕੇ ਆਵਾਂ,
ਜੀਅ ਕਰਦੈ ਬਣ ਜਾਵਾਂ ਸਾਗਰ।

ਮਨਿਆਂ, ਹੈ ਤਬਦੀਲੀ ਮੁਸ਼ਕਿਲ,
ਪਰ ‘ਸੱਗੂ’ ਤੂੰ ਕੋਸ਼ਿਸ਼ ਤਾਂ ਕਰ।

## ਹਵਾ ਮਹਿਕੇ ਜਦੋਂ

ਹਵਾ ਮਹਿਕੇ ਜਦੋਂ, ਪੰਛੀ ਇਕੱਲਾ ਚਹਿ-ਚਹਾਉਂਦਾ ਹੈ।
ਇਵੇਂ ਲਗਦੈ, ਉਹ ਮੇਰੇ ਕੋਲ ਆ ਕੇ ਮੁਸਕੁਰਾਉਂਦਾ ਹੈ।

ਖ਼ੁਸ਼ੀ ਮੇਰੀ ਜ਼ਰਾ ਵੀ ਏਸ ਨੂੰ ਚੰਗੀ ਨਹੀਂ ਲਗਦੀ,
ਮੇਰਾ ਘਰ ਢਾਹੁਣ ਨੂੰ ਮੌਸਮ ਬੜਾ ਹੀ ਤਿਲਮਿਲਾਉਂਦਾ ਹੈ।

ਮੈਂ ਅਪਣੇ ਆਪ ਨੂੰ ਜੰਨਤ ਦੇ ਵਿਚ ਮਹਿਸੂਸ ਕਰਦਾ ਹਾਂ,
ਜਦੋਂ ਵੀ ਛੱਡ ਕੇ ਦੁਨੀਆਂ ਉਹ ਮੇਰੇ ਕੋਲ ਆਉਂਦਾ ਹੈ।

ਰਕੀਬਾਂ ਨਾਲ ਉਹ ਮਿਲ ਕੇ ਚਲਾਵੇ ਤੀਰ ਛੁਪ-ਛੁਪ ਕੇ,
ਮੈਂ ਦਿੱਤਾ ਦਿਲ ਸੀ ਜਿਸ ਨੂੰ ਰੋਜ਼ ਉਹ ਅੱਖਾਂ ਵਿਖਾਉਂਦਾ ਹੈ।

ਕਿਵੇਂ ਵਿਸ਼ਵਾਸ ਕਰ ਸਕਦੈ ਮਿਰਾ ਦਿਲ ਓਸ ਦੇ ਉੱਤੇ,
ਮੇਰੇ ਸਾਹਵੇਂ ਜੋ ਅਪਣਾ ਰੰਗ ਹੀ ਪਲ ਪਲ ਵਟਾਉਂਦਾ ਹੈ।

ਜ਼ਮਾਨੇ ਵਿਚ ਬੜੀ ਗਿਣਤੀ 'ਚ ਦਾਅਵੇਦਾਰ ਮਿਲਦੇ ਹਨ,
ਮੁਹੱਬਤ ਦੇ ਸਲੀਕੇ ਨੂੰ ਕੋਈ ਵਿਰਲਾ ਨਿਭਾਉਂਦਾ ਹੈ।

ਤੂੰ ਅਪਣੇ ਆਲ੍ਹਣੇ ਵਿਚ ਕਿਸ ਤਰ੍ਹਾਂ ਬੈਠਾਂ ਏਂ ਚੁੱਪ ਕਰਕੇ,
ਪਰਿੰਦੇ ਨੂੰ ਤਾਂ 'ਸੱਗੂ' ਹਰ ਸਮੇਂ ਅਸਮਾਨ ਭਾਉਂਦਾ ਹੈ।

## ਮੁੱਲ ਤਾਰਦਾ

ਕੌਣ ਸ਼ਸਤਰ ਵੇਚਦਾ ਹੈ, ਕੌਣ ਹੈ ਮੁੱਲ ਤਾਰਦਾ।
ਕੌਣ ਹੈ ਇਨਸਾਨ ਨੂੰ ਇਨਸਾਨ ਹੋ ਕੇ ਮਾਰਦਾ।

ਸਿਰਫ਼ ਧੂੰਆਂ ਹੀ ਨਜ਼ਰ ਆਉਂਦਾ ਹੈ ਮੈਨੂੰ ਦੂਰ ਤਕ,
ਕੋਈ ਵੀ ਹੁਣ ਥਹੁ ਪਤਾ ਲਗਦਾ ਨਹੀਂ ਗੁਲਜ਼ਾਰ ਦਾ।

ਆ ਗਿਐਂ ਜੇ ਦੁਸ਼ਮਣਾਂ ਕਰ ਲੈ ਇਛਾਵਾਂ ਪੂਰੀਆਂ,
ਸੋਚ ਨਾ ਹੁਣ ਕੋਲ ਆ ਕੇ, ਵਾਰ ਕਰ ਤਲਵਾਰ ਦਾ।

ਜ਼ਿੰਦਗੀ ਵਿਚ ਦਰਦ ਦੀ ਸੌਗਾਤ ਮਿਲਦੀ ਹੈ ਮਸਾਂ,
ਆਦਮੀ ਦੇ ਜਿਸਮ ਨੂੰ ਹਰ ਜ਼ਖ਼ਮ ਹੈ ਸ਼ਿੰਗਾਰਦਾ।

ਬੈਠ ਕੇ ਰੋਣਾ ਹੈ ਹਿੰਮਤ ਹਾਰਿਆਂ ਦੀ ਜ਼ਿੰਦਗੀ,
ਹੈ ਉਹੀ ਬਲਕਾਰ ਜਿਹੜਾ ਵਕਤ ਨੂੰ ਲਲਕਾਰਦਾ।

ਖ਼ਾਨਗਾਹ 'ਤੇ ਰੱਖ ਆਵੀਂ ਫੇਰ ਦੀਵੇ ਬਾਲ ਕੇ,
ਥੋੜ੍ਹਾ ਬਹੁਤਾ ਫ਼ਿਕਰ ਕਰ ਤੂੰ ਆਪਣੇ ਪਰਿਵਾਰ ਦਾ।

ਯਾਰ ਮੇਰੇ ਆਉਣਗੇ ਤੇ ਦਰਦ ਨੂੰ ਵੰਡਾਉਣਗੇ,
ਛੱਡ ਪਰ੍ਹੇ 'ਸੱਗੂ' ਹੈ ਤੇਰਾ ਸੋਚਣਾ ਬੇਕਾਰ ਦਾ।